# ਪੰਜਾਬੀ ਜਰਨਲ

Friday, December 19, 2025

# PUNJABI JOURNAL

ਪੋਹ 5, ਨਾਨਕਸ਼ਾਹੀ ਸੰਮਤ: 557 | Volume: 18, Issue: 50| Ph: 604-312-5678
www.punjabijournal.ca, Email: punjabijournal@gmail.com



Prabu



www.prabufoods.com
7035 128 St #106, Surrey, BC V3W 4E1


## ਵਿਦੇਸ਼ਾਂ ’ਚ ਪੈਦਾ ਹੋਏ ਬੱਚਿਆਂ ਲਈ ਕੈਨੇਡੀਅਨ ਨਾਗਰਿਕਤਾ ਹਾਸਲ ਕਰਨ ਦਾ ਰਾਹ ਖੁੱਲ੍ਹਿਆ




**ਓਟਵਾ**: ਕੈਨੇਡਾ ਦੀ ਸਰਕਾਰ ਨੇ ਆਪਣੇ ਨਾਗਰਿਕਤਾ ਨਿਯਮਾਂ ਵਿੱਚ ਇੱਕ ਅਹਿਮ ਤਬਦੀਲੀ ਕੀਤੀ ਹੈ, ਜਿਸ ਨਾਲ ਵਿਦੇਸ਼ਾਂ ਵਿੱਚ ਪੈਦਾ ਹੋਏ ਜਾਂ ਗੋਦ ਲਏ ਗਏ ਬੱਚਿਆਂ ਲਈ ਕੈਨੇਡੀਅਨ ਨਾਗਰਿਕਤਾ ਪ੍ਰਾਪਤ ਕਰਨ ਦਾ ਰਾਹ ਖੁੱਲ੍ਹ ਗਿਆ ਹੈ। ਬਿੱਲ C-3, ਜਿਸ ਨਾਲ ਨਾਗਰਿਕਤਾ ਦੇ ਅਧਿਕਾਰਾਂ ਦਾ ਮਹੱਤਵਪੂਰਨ ਵਿਸਥਾਰ ਹੋਇਆ ਹੈ, 15 ਦਸੰਬਰ ਤੋਂ ਲਾਗੂ ਕਰ ਦਿੱਤਾ ਗਿਆ ਹੈ।

ਇਹ ਕਦਮ ਖਾਸ ਤੌਰ ‘ਤੇ ਉਨ੍ਹਾਂ ਪਰਿਵਾਰਾਂ ਲਈ ਲਾਭਦਾਇਕ ਮੰਨਿਆ ਜਾ ਰਿਹਾ ਹੈ ਜਿਨ੍ਹਾਂ ਦੇ ਮੈਂਬਰ ਵਿਦੇਸ਼ਾਂ ਵਿੱਚ ਰਹਿੰਦੇ ਹਨ ਜਾਂ ਜਿਨ੍ਹਾਂ ਦਾ ਜਨਮ ਵਿਦੇਸ਼ ਵਿੱਚ ਹੋਇਆ ਹੈ। ਕੈਨੇਡਾ ਵਿੱਚ ਭਾਰਤੀ ਭਾਈਚਾਰੇ ਦੀ ਵੱਡੀ ਗਿਣਤੀ ਦੇ ਮੱਦੇਨਜ਼ਰ, ਇਹ ਨਵਾਂ ਨਿਯਮ ਭਾਰਤੀ ਮੂਲ ਦੇ ਨਾਗਰਿਕਾਂ ਲਈ ਬਹੁਤ ਫਾਇਦੇਮੰਦ ਸਾਬਤ ਹੋ ਸਕਦਾ ਹੈ।

**ਨਵੇਂ ਨਿਯਮ ਵਿੱਚ ਮੁੱਖ ਬਦਲਾਅ:**

ਨਵੇਂ ਨਿਯਮਾਂ ਤਹਿਤ, ਕੈਨੇਡੀਅਨ ਨਾਗਰਿਕ ਮਾਪੇ ਹੁਣ ਵਿਦੇਸ਼ ਵਿੱਚ ਪੈਦਾ ਹੋਏ ਜਾਂ ਗੋਦ ਲਏ ਗਏ ਆਪਣੇ ਬੱਚਿਆਂ ਲਈ ਨਾਗਰਿਕਤਾ ਲੈ ਸਕਦੇ ਹਨ। ਇਸ ਦੀ ਸ਼ਰਤ ਇਹ ਹੈ ਕਿ ਬੱਚੇ ਦੇ ਜਨਮ ਜਾਂ ਗੋਦ ਲੈਣ ਤੋਂ ਪਹਿਲਾਂ ਮਾਪਿਆਂ ਨੇ ਕੈਨੇਡਾ ਵਿੱਚ ਘੱਟੋ-ਘੱਟ 3 ਸਾਲ (1095 ਦਿਨ) ਸਰੀਰਕ ਤੌਰ ‘ਤੇ ਨਿਵਾਸ ਕੀਤਾ ਹੋਵੇ। ਇਹ ਬਦਲਾਅ ਨਾਗਰਿਕਾ ਪ੍ਰਤੀ ਦੇਸ਼ ਦੇ ਨਜ਼ਰੀਏ ਨੂੰ ਵਧੇਰੇ ਉਦਾਰ ਅਤੇ ਆਧੁਨਿਕ ਬਣਾਉਂਦਾ ਹੈ, ਅਤੇ ਹੁਣ ਸਿਟੀਜ਼ਨਸ਼ਿਪ ਦੀ ਯੋਗਤਾ ਦਾ ਵਿਸਥਾਰ ਪਹਿਲੀ ਪੀੜ੍ਹੀ ਤੋਂ ਬਾਹਰ ਵੀ ਕਰ ਦਿੱਤਾ ਗਿਆ ਹੈ।

**ਬਿੱਲ C-3 ਦੀ ਜ਼ਰੂਰਤ ਕਿਉਂ ਪਈ?**

ਇਸ ਵਿਸਥਾਰ ਦੀ ਲੋੜ ਇਸ ਲਈ ਪਈ ਕਿਉਂਕਿ ਕੈਨੇਡਾ ਵਿੱਚ 2009 ਵਿੱਚ ਲਾਗੂ ਕੀਤੇ ਗਏ ‘ਫਰਸਟ-ਜਨਰੇਸ਼ਨ ਲਿਮਿਟ’ ਨਿਯਮ ਨੇ ਵਿਦੇਸ਼ ਵਿੱਚ ਪੈਦਾ ਹੋਏ ਬੱਚਿਆਂ ਨੂੰ ਨਾਗਰਿਕਤਾ ਤੋਂ ਵਾਂਝੇ ਕਰ ਦਿੱਤਾ ਸੀ, ਭਾਵੇਂ ਉਨ੍ਹਾਂ ਦੇ ਮਾਪੇ ਕੈਨੇਡੀਅਨ ਨਾਗਰਿਕ ਹੀ ਕਿਉਂ ਨਾ ਹੋਣ। ਇਹ ਨੀਤੀ ਕਈ ਸਾਲਾਂ ਤੋਂ ਕਾਨੂੰਨੀ ਅਤੇ ਰਾਜਨੀਤਿਕ ਵਿਵਾਦ ਦਾ ਵਿਸ਼ਾ ਬਣੀ ਹੋਈ ਸੀ।

ਦਸੰਬਰ 2023 ਵਿੱਚ, ਓਂਟਾਰੀਓ ਸੁਪੀਰੀਅਰ ਕੋਰਟ ਆਫ਼ ਜਸਟਿਸ ਨੇ ਇਸ ਸੀਮਾ ਦੇ ਮੁੱਖ ਹਿੱਸਿਆਂ ਨੂੰ ਗੈਰ-ਸੰਵਿਧਾਨਕ ਐਲਾਨ ਦਿੱਤਾ ਸੀ।

ਅਦਾਲਤ ਨੇ ਕਿਹਾ ਸੀ ਕਿ ਇਹ ਨਿਯਮ ਉਨ੍ਹਾਂ ਨਾਗਰਿਕ ਪਰਿਵਾਰਾਂ ਲਈ ਗਲਤ ਨਤੀਜੇ ਦੇ ਰਿਹਾ ਹੈ ਜੋ ਕੈਨੇਡਾ ਤੋਂ ਬਾਹਰ ਬੱਚੇ ਦੇ ਜਨਮ ਜਾਂ ਗੋਦ ਲੈਣ ਤੋਂ ਬਾਅਦ ਨਾਗਰਿਕਤਾ ਚਾਹੁੰਦੇ ਹਨ। ਇਸ ਫੈਸਲੇ ਤੋਂ ਬਾਅਦ, ਸੰਘੀ ਸਰਕਾਰ ਨੇ ਅਪੀਲ ਨਾ ਕਰਨ ਦਾ ਫੈਸਲਾ ਕੀਤਾ ਅਤੇ ਬਿੱਲ C-3 ਨੂੰ ਲਾਗੂ ਕਰਕੇ ਵਿਆਪਕ ਸੁਧਾਰ ਕੀਤਾ।

**ਭਾਰਤੀ ਭਾਈਚਾਰੇ ‘ਤੇ ਅਸਰ:**

ਕੈਨੇਡਾ ਵਿੱਚ ਭਾਰਤੀ ਮੂਲ ਦੀ ਵੱਡੀ ਆਬਾਦੀ ਵੱਸਦੀ ਹੈ। ਬਹੁਤ ਸਾਰੇ ਅਜਿਹੇ ਬੱਚੇ ਹਨ ਜਿਨ੍ਹਾਂ ਦਾ ਜਨਮ ਵਿਦੇਸ਼ ਵਿੱਚ ਹੋਇਆ ਹੈ ਪਰ ਉਨ੍ਹਾਂ ਦੇ ਮਾਪੇ ਕੈਨੇਡੀਅਨ ਨਾਗਰਿਕ ਹਨ। ਇਸ ਨਵੇਂ ਨਿਯਮ ਨਾਲ ਉਹ ਬੱਚੇ ਹੁਣ ਸਿੱਧੇ ਤੌਰ ‘ਤੇ ਨਾਗਰਿਕਤਾ ਲਈ ਅਰਜ਼ੀ ਦੇ ਸਕਣਗੇ ਅਤੇ ਉਨ੍ਹਾਂ ਨੂੰ ਉਹ ਸਾਰੇ ਅਧਿਕਾਰ ਮਿਲਣਗੇ ਜੋ ਪਹਿਲਾਂ ਸੀਮਤ ਸਨ।

## ਕੈਨੇਡਾ ਪੁਲੀਸ ਵੱਲੋਂ ਜਾਰੀ ਕੀਤੀ 11 ਗੈਂਗਸਟਰਾਂ ਦੀ ਸੂਚੀ ਵਿਚ 9 ਪੰਜਾਬੀ




**ਓਟਾਵਾ** - ਕੈਨੇਡਾ ਪੁਲੀਸ ਨੇ 11 ਗੈਂਗਸਟਰਾਂ ਬਾਰੇ ਚਿਤਾਵਨੀ ਜਾਰੀ ਕੀਤੀ ਹੈ। ਪੁਲਸ ਨੇ ਲੋਕਾਂ ਨੂੰ ਉਨ੍ਹਾਂ ਤੋਂ ਦੂਰ ਰਹਿਣ ਲਈ ਕਿਹਾ ਹੈ। ਇਨ੍ਹਾਂ 11 ਵਿਅਕਤੀਆਂ ’ਚੋਂ 9 ਪੰਜਾਬੀ ਮੂਲ ਦੇ ਹਨ। ਬ੍ਰਿਟਿਸ਼ ਕੋਲੰਬੀਆ ਪੁਲਸ ਨੇ ਕਿਹਾ ਕਿ ਉਹ ਸੂਬੇ ’ਚ ਕਈ ਕਤਲਾਂ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਨਾਲ ਜੁੜੇ ਹੋਏ ਹਨ। ਕੰਬਾਈਨਡ ਫੋਰਸਿਜ਼ ਸਪੈਸ਼ਲ ਇਨਫੋਰਸਮੈਂਟ ਯੂਨਿਟ ਦੇ ਸਹਾਇਕ ਕਮਾਂਡਰ ਮੈਨੀ ਮਾਨ ਨੇ ਕਿਹਾ ਕਿ ਇਸ ਗੱਲ ਦੀ ਬਹੁਤ ਸੰਭਾਵਨਾ ਹੈ ਕਿ ਕੋਈ ਵਿਰੋਧੀ ਗੈਂਗਸਟਰ ਉਨ੍ਹਾਂ ਨੂੰ ਹਿੰਸਾ ਲਈ ਨਿਸ਼ਾਨਾ ਬਣਾਏਗਾ। ਪੁਲਸ ਵੱਲੋਂ ਜਾਰੀ ਕੀਤੇ ਗਏ ਪੋਸਟਰ ’ਚ ਸ਼ਕੀਲ ਬਸਰਾ (28), ਅਮਰਪ੍ਰੀਤ ਸਮਰਾ (28), ਜਗਦੀਪ ਚੀਮਾ (30), ਰਵਿੰਦਰ ਸ਼ਰਮਾ (35), ਬਰਿੰਦਰ ਧਾਲੀਵਾਲ (39), ਐਂਡੀ ਸੇਂਟ ਪਿਯਰੇ (40), ਗੁਰਪ੍ਰੀਤ ਧਾਲੀਵਾਲ (35), ਰਿਚਰਡ ਜੋਸਫ਼ ਵ੍ਹਿਟਲਾਕ (40), ਸਮਰੂਪ ਗਿੱਲ (29), ਸੁਮਦਿਸ਼ ਗਿੱਲ (28) ਅਤੇ ਸੁਖਦੀਪ ਪੰਸਲ (33) ਦੇ ਨਾਂ ਸ਼ਾਮਲ ਹਨ। ਕੈਨੇਡਾ ਦੀਆਂ ਮੀਡੀਆ ਰਿਪੋਰਟਾਂ ’ਚ ਕਿਹਾ ਗਿਆ ਹੈ ਕਿ ਖਾਸ ਕਥਿਤ ਅਪਰਾਧੀਆਂ ਤੋਂ ਦੂਰ ਰਹਿਣ ਦੀਆਂ ਅਜਿਹੀਆਂ ਚਿਤਾਵਨੀਆਂ ਪਹਿਲਾਂ ਕਦੇ ਨਹੀਂ ਸੁਣੀਆਂ ਗਈਆਂ ਸਨ ਪਰ ਹਾਲ ਹੀ ਦੇ ਸਾਲਾਂ ’ਚ ਇਨ੍ਹਾਂ ਵਿਚ ਵਾਧਾ ਹੋਇਆ ਹੈ।


SABZI MANDI SUPERMARKET



Chal Chaliye Sabzi Mandi Chal Chaliye ...

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ
ਅਤੇ ਸਾਫ ਸੁਥਰੀ ਗਰੋਸਰੀ ਲਈ ਹਮੇਸ਼ਾ
**ਸਬਜ਼ੀ ਮੰਡੀ ਨੂੰ ਯਾਦ ਰਖੋ**

# ਪੰਜਾਬੀ ਸਾਹਿਤ ਸਭਾ ਮੁਢਲੀ (ਰਜਿ.) ਐਬਸਫੋਰਡ ਵੱਲੋਂ ਪ੍ਰੋ. ਕਿਸ਼ਨ ਸਿੰਘ ਰਚਨਾਵਲੀ ਦੇ ਚਾਰ ਭਾਗ ਲੋਕ ਅਰਪਣ



**ਐਬਸਫੋਰਡ,** (ਹਰਦਮ ਮਾਨ)– ਪੰਜਾਬੀ ਸਾਹਿਤ ਸਭਾ ਮੁਢਲੀ (ਰਜਿ.) ਐਬਸਫੋਰਡ, ਬੀਸੀ ਵੱਲੋਂ ਪੰਜਾਬੀ ਸਾਹਿਤ ਨੂੰ ਸਮਰਪਿਤ ਇਕ ਯਾਦਗਾਰੀ ਅਤੇ ਇਤਿਹਾਸਕ ਸਮਾਗਮ ਦੌਰਾਨ ਮਹਾਨ ਸਾਹਿਤਕਾਰ ਪ੍ਰੋ. ਕਿਸ਼ਨ ਸਿੰਘ ਦੀ ਅਮੋਲਕ ਸਾਹਿਤਿਕ ਵਿਰਾਸਤ ਨੂੰ ਸੰਭਾਲਦੇ ਹੋਏ 'ਪ੍ਰੋ. ਕਿਸ਼ਨ ਸਿੰਘ ਰਚਨਾਵਲੀ' ਦੇ ਚਾਰ ਭਾਗ (ਸੰਪਾਦਕ: ਪ੍ਰੋ. ਗੁਰਮੀਤ ਸਿੰਘ ਟਿਵਾਣਾ) ਰਿਲੀਜ਼ ਕੀਤੇ ਗਏ। ਇਹ ਪੁਸਤਕ ਰਿਲੀਜ਼ ਸਮਾਰੋਹ ਖਾਲਸਾ ਦੀਵਾਨ ਸੁਸਾਇਟੀ (ਹੈਰੀਟੇਜ ਗੁਰਦੁਆਰਾ ਸਾਹਿਬ), ਸਾਊਥ ਫਰੇਜ਼ਰ ਵੇਅ, ਐਬਸਫੋਰਡ ਵਿਖੇ ਵਿਸ਼ਾਲ ਸਾਹਿਤਕ ਇਕੱਠ ਨਾਲ ਸਜਿਆ, ਜਿਸ ਵਿੱਚ ਵੱਖ-ਵੱਖ ਸਾਹਿਤਕ ਸੰਸਥਾਵਾਂ, ਵਿਦਵਾਨਾਂ ਅਤੇ ਸਾਹਿਤ ਪ੍ਰੇਮੀਆਂ ਨੇ ਭਰਪੂਰ ਹਾਜ਼ਰੀ ਭਰੀ।

ਸਮਾਗਮ ਦੌਰਾਨ ਪੰਜਾਬੀ ਸਾਹਿਤ ਸਭਾ ਮੁਢਲੀ ਨਾਲ ਸੰਬੰਧਿਤ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਨ੍ਹਾਂ ਵਿੱਚ ਪ੍ਰੋ. ਗੁਰਮੀਤ ਸਿੰਘ ਟਿਵਾਣਾ, ਭਾਈ ਹਰਪਾਲ ਸਿੰਘ ਲੱਖਾ, ਬੀਬੀ ਗੁਰਬਚਨ ਕੌਰ ਦਿੱਲੋਂ ਅਤੇ ਮੁਲਖ ਰਾਜ ਬਜਾਜ ਦੇ ਨੌਜਵਾਨ ਸਪੁੱਤਰ ਅਸ਼ੋਕ ਕੁਮਾਰ ਬਜਾਜ ਦੇ ਨਾਮ ਵਿਸ਼ੇਸ਼ ਤੌਰ 'ਤੇ ਯਾਦ ਕੀਤੇ ਗਏ।

ਚਾਰ ਜਿਲਤਾਂ 'ਚ ਪ੍ਰਕਾਸ਼ਤ 'ਪ੍ਰੋ. ਕਿਸ਼ਨ ਸਿੰਘ ਰਚਨਾਵਲੀ' ਨੂੰ ਵੱਡੀ ਗਿਣਤੀ ਵਿੱਚ ਮੌਜੂਦ ਵਿਦਵਾਨਾਂ ਅਤੇ ਦਰਸ਼ਕਾਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਡਾ. ਗੁਰਵਿੰਦਰ ਸਿੰਘ ਵੱਲੋਂ ਪੇਸ਼ ਕੀਤੇ ਗਏ ਵਿਸਤ੍ਰਿਤ ਪਰਚੇ ਵਿੱਚ ਪ੍ਰੋ. ਕਿਸ਼ਨ ਸਿੰਘ ਦੇ ਸਾਹਿਤਕ ਸਿਧਾਂਤਾਂ, ਆਲੋਚਨਾਤਮਕ ਦ੍ਰਿਸ਼ਟੀ ਅਤੇ ਸਾਹਿਤ ਪ੍ਰਣਾਲੀਆਂ ਉੱਤੇ ਗੰਭੀਰ ਚਰਚਾ ਕੀਤੀ ਗਈ। ਉਨ੍ਹਾਂ ਇਸ ਗੱਲ 'ਤੇ ਚਿੰਤਾ ਜ਼ਾਹਿਰ ਕੀਤੀ ਕਿ ਇੰਨੀ ਵੱਡੀ ਸਾਹਿਤਕ ਦੇਣ ਦੇ ਬਾਵਜੂਦ ਪ੍ਰੋ. ਕਿਸ਼ਨ ਸਿੰਘ ਨੂੰ ਪੰਜਾਬੀ ਸਾਹਿਤ ਜਗਤ ਵਿੱਚ ਬਣਦਾ ਮਾਣ ਨਹੀਂ ਮਿਲਿਆ, ਜੋ ਇਕ ਦੁਖਦਾਈ ਸੱਚ ਹੈ।

ਉਨ੍ਹਾਂ ਪ੍ਰੋ. ਗੁਰਮੀਤ ਸਿੰਘ ਟਿਵਾਣਾ ਵੱਲੋਂ ਆਪਣੇ ਅਧਿਆਪਕ ਪ੍ਰੋ. ਕਿਸ਼ਨ ਸਿੰਘ ਦੇ ਸਮੁੱਚੇ ਸਾਹਿਤ ਨੂੰ ਇਕੱਠਾ ਕਰਕੇ ਚਾਰ ਭਾਗਾਂ ਵਿੱਚ ਸੰਪਾਦਿਤ ਕਰਨ ਦੇ ਇਤਿਹਾਸਕ ਕਾਰਜ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਰਚਨਾਵਲੀ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਅਮੋਲਕ ਖੋਜ-ਸਰੋਤ ਸਾਬਤ ਹੋਵੇਗੀ।

ਸਮਾਗਮ ਵਿੱਚ ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਸੁਖਦੇਵ ਸਿੰਘ ਮਾਨ, ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਵੱਲੋਂ ਗੁਰਦੇਵ ਸਿੰਘ ਬਰਾੜ ਆਲਮਵਾਲਾ, ਬੀਬੀ ਮੱਖਣਜੀਤ ਕੌਰ, 'ਲੋਕ ਸਾਡਾ ਵਿਰਸਾ ਸਾਡਾ ਗੌਰਵ' ਦੇ ਜਸਵੀਰ ਸਿੰਘ ਪੰਨੂ, ਗੈਰੀ ਟਿਵਾਣਾ, ਉਨ੍ਹਾਂ ਦੀ ਸੁਪਤਨੀ ਹਰਲੀਨ ਕੌਰ ਦਿੱਲੋਂ ਅਤੇ ਬਲਵਿੰਦਰ ਸਿੰਘ ਬਰਾੜ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਬੁਲਾਰਿਆਂ ਨੇ ਕਿਹਾ ਕਿ ਪ੍ਰੋ. ਕਿਸ਼ਨ ਸਿੰਘ ਦੀ ਸਾਹਿਤਿਕ ਦੇਣ ਸਦਾ ਯਾਦ ਰੱਖੀ ਜਾਵੇਗੀ ਅਤੇ ਇਹ ਰਚਨਾਵਲੀ ਪੰਜਾਬੀ ਸਾਹਿਤ ਦੇ ਖੋਜੀ ਵਿਦਵਾਨਾਂ ਲਈ ਲੰਮੇ ਸਮੇਂ ਤੱਕ ਪ੍ਰੇਰਣਾ ਦਾ ਸਰੋਤ ਬਣੀ ਰਹੇਗੀ। ਪ੍ਰੋਗਰਾਮ ਦੇ ਆਰੰਭ ਅਤੇ ਸਮਾਪਤੀ 'ਤੇ ਪ੍ਰਸਿੱਧ ਗਾਇਕ ਸੰਗਤਾਰ ਸੰਤਾਲੀ ਵੱਲੋਂ ਪੇਸ਼ ਕੀਤੇ ਗਏ ਗੀਤਾਂ ਨੇ ਸਮਾਗਮ ਨੂੰ ਰਸਭਰਿਆ ਅਤੇ ਯਾਦਗਾਰ ਬਣਾ ਦਿੱਤਾ।

ਇਸ ਮੌਕੇ ਪਰਮਿੰਦਰ ਸਿੰਘ ਟਿਵਾਣਾ, ਸੁਰਿੰਦਰ ਰੰਧਾਵਾ, ਪਿਆਰਾ ਸਿੰਘ ਚਾਹਲ, ਜਸਦੀਪ ਗਰੇਵਾਲ, ਰੁਪਿੰਦਰ ਸਿੱਧੂ, ਕੁਲਜੀਤ ਟਿਵਾਣਾ, ਮਨਪ੍ਰੀਤ ਗਰੇਵਾਲ, ਜਸਬੀਰ, ਸੁਖਵਿੰਦਰ ਸਿੰਘ, ਲਛਮਣ ਸਿੰਘ ਗਿੱਲ, ਸਾਧੂ ਸਿੰਘ ਗਿੱਲ, ਸੁਖਵਿੰਦਰ ਕੌਰ ਰੰਧਾਵਾ, ਗੁਰਦਰਸ਼ਨ ਸਿੰਘ ਸੰਧੂ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਨੇ ਵੀ ਹਾਜ਼ਰੀ ਭਰੀ। ਸਮਾਗਮ ਦੌਰਾਨ ਪਾਠਕਾਂ ਨੂੰ ਕਿਤਾਬਾਂ ਵੰਡੀਆਂ ਗਈਆਂ ਅਤੇ ਸਮਾਰੋਹ ਪੂਰੀ ਤਰ੍ਹਾਂ ਯਾਦਗਾਰੀ ਰੂਪ ਵਿੱਚ ਸਫ਼ਲ ਰਿਹਾ।

ਜ਼ਿਕਰਯੋਗ ਹੈ ਕਿ ਪ੍ਰੋ. ਗੁਰਮੀਤ ਸਿੰਘ ਟਿਵਾਣਾ ਵੱਲੋਂ 'ਪ੍ਰੋ. ਕਿਸ਼ਨ ਸਿੰਘ ਰਚਨਾਵਲੀ' ਨੂੰ ਚਾਰ ਭਾਗਾਂ ਵਿੱਚ ਸੰਪਾਦਿਤ ਕਰਨ ਦੀ ਇਹ ਇਤਿਹਾਸਕ ਸੇਵਾ ਸਿੱਖ ਵਿਦਵਾਨ ਸ. ਅਮਰੀਕ ਸਿੰਘ ਮੁਕਤਸਰ ਅਤੇ ਸੀਨੀਅਰ ਲਿਖਾਰੀ ਡਾ. ਪਰਮਿੰਦਰ ਸਿੰਘ ਸ਼ੌਂਕੀ ਦੇ ਉਦਮ ਨਾਲ ਸੰਪੰਨ ਹੋਈ। ਚਾਰ ਜਿਲਤਾਂ 'ਚ ਪ੍ਰਕਾਸ਼ਤ ਇਹ ਕਿਤਾਬ 'ਰੀਥਿੰਕ ਬੁਕਸ' ਵੱਲੋਂ ਬਹੁਤ ਸੁੰਦਰ ਅਤੇ ਭਾਵਪੂਰਤ ਰੂਪ ਵਿੱਚ ਛਾਪੀ ਗਈ ਹੈ।



# PUNJABI JOURNAL

Volume: 18, Issue: 50 || Ph: 604-312-5678 || Friday, December 19, 2025


## ਬੀ.ਸੀ. ’ਚ ਭਾਰਤੀਆਂ ਦੇ ਘਰਾਂ ’ਤੇ ਗੋਲੀਆਂ ਚਲਾਉਣ ਵਾਲਾ ਦਬੋਚਿਆ

**ਐਬਸਫ਼ੋਰਡ** : ਕੈਨੇਡਾ ਦੇ ਬੀ.ਸੀ. ਵਿਚ ਭਾਰਤੀ ਲੋਕਾਂ ਦੇ ਘਰਾਂ ਅਤੇ ਕਾਰੋਬਾਰੀ ਟਿਕਾਣਿਆਂ ’ਤੇ ਗੋਲੀਬਾਰੀ ਕਰਨ ਵਾਲੇ ਇਕ ਸ਼ੱਕੀ ਨੂੰ ਐਬਸਫ਼ੋਰਡ ਪੁਲਿਸ ਨੇ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਨੇ ਦੱਸਿਆ ਕਿ 17 ਦਸੰਬਰ ਨੂੰ ਦੇਰ ਰਾਤ ਤਕਰੀਬਨ ਪੌਣੇ ਗਿਆਰਾਂ ਵਜੇ ਕਿੰਗ ਰੋਡ ਦੇ 31000 ਬਲਾਕ ਵਿਚ ਗੋਲੀਬਾਰੀ ਦੀ ਇਤਲਾਹ ਮਿਲੀ ਅਤੇ ਮੌਕੇ ’ਤੇ ਪੁੱਜੇ ਅਫ਼ਸਰਾਂ ਨੇ ਸ਼ੱਕੀ ਗੱਡੀ ਦੇ ਵੇਰਵੇ ਹਾਸਲ ਕਰਦਿਆਂ ਹਾਈਵੇਅ 1 ’ਤੇ ਇਸ ਨੂੰ ਘੇਰ ਲਿਆ। ਗੱਡੀ ਵਿਚ ਇਕੋ ਸ਼ਖਸ ਸਵਾਰ ਸੀ ਜਿਸ ਨੂੰ ਐਬਸਫ਼ੋਰਡ ਪੁਲਿਸ ਦੇ ਗੈਂਗ ਕ੍ਰਾਈਮ ਯੂਨਿਟ ਵੱਲੋਂ ਕਾਬੂ ਕਰ ਲਿਆ ਗਿਆ।



ਸਾਰਜੈਂਟ ਪੌਲ ਵਾਕਰ ਨੇ ਤਸਦੀਕ ਕਰ ਦਿਤੀ ਕਿ ਗੋਲੀਬਾਰੀ ਦੀ ਵਾਰਦਾਤ ਐਕਸਟੌਰਸ਼ਨ ਦੇ ਮਕਸਦ ਨਾਲ ਅੰਜਾਮ ਦਿਤੀ ਗਈ ਪਰ ਇਸ ਦੌਰਾਨ ਕੋਈ ਜ਼ਖਮੀ ਨਹੀਂ ਹੋਇਆ। ਦੂਜੇ ਪਾਸੇ ਉਨਟਾਰੀਓ ਦੇ ਪੀਲ ਰੀਜਨ ਵਿਚ 70 ਸਾਲ ਦੇ ਗੌਤਮ ਬੈਨਰਜੀ ਨੂੰ ਇਕ ਔਰਤ ਬੰਦੀ ਬਣਾ ਕੇ ਰੱਖਣ ਦੇ ਦੋਸ਼ ਹੇਠ ਕਾਬੂ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ 8 ਦਸੰਬਰ ਨੂੰ ਵਾਪਰੀ ਵਾਰਦਾਤ ਦੌਰਾਨ ਸ਼ੱਕੀ ਨੇ ਖੁਦ ਨੂੰ ਰਾਈਡ ਸ਼ੇਅਰ ਡਰਾਈਵਰ ਦਸਦਿਆਂ ਔਰਤ ਨੂੰ ਆਪਣੀ ਗੱਡੀ ਵਿਚ ਬਿਠਾਇਆ ਅਤੇ ਅਣਦੱਸੇ ਰਾਹ ਵੱਲ ਰਵਾਨਾ ਹੋ ਗਿਆ।

ਔਰਤ ਨੂੰ ਖਤਰਾ ਮਹਿਸੂਸ ਹੋਇਆ ਤਾਂ ਉਸ ਨੇ ਗੱਡੀ ਰੋਕਣ ਵਾਸਤੇ ਆਖਿਆ ਪਰ ਡਰਾਈਵਰ ਨੇ ਅਜਿਹਾ ਨਾ ਕੀਤਾ। ਪੁਲਿਸ ਦਾ ਮੰਨਣਾ ਹੈ ਕਿ ਪੀੜਤਾਂ ਦੀ ਗਿਣਤੀ ਜ਼ਿਆਦਾ ਹੋ ਸਕਦੀ ਹੈ ਅਤੇ ਜੇ ਕਿਸੇ ਕੋਲ ਮਾਮਲੇ ਨਾਲ ਸਬੰਧਤ ਕੋਈ ਜਾਣਕਾਰੀ ਹੋਵੇ ਤਾਂ 21 ਡਵੀਜ਼ਨ ਕ੍ਰਿਮੀਨਲ ਇਵੈਸਟੀਗੇਸ਼ਨ ਬਿਊਰੋ ਦੇ ਜਾਂਚਕਰਤਾਵਾਂ ਨਾਲ 905 453 2121 ਐਕਸਟੈਨਸ਼ਨ 2133 ’ਤੇ ਸੰਪਰਕ ਕੀਤਾ ਜਾਵੇ।

## ਸਿਆਟਲ ਇਲਾਕੇ ’ਚ ਭਾਰੀ ਹੜ੍ਹਾਂ ਕਾਰਨ ਹਜ਼ਾਰਾਂ ਲੋਕ ਹੋਏ ਬੇਘਰ

**ਸਿਆਟਲ**: ਸਿਆਟਲ ਤੇ ਇਸ ਦੇ ਨਾਲ ਲੱਗਦੇ ਇਲਾਕਿਆਂ ਵਿਚ ਇਸ ਵੇਲੇ ਭਾਰੀ ਹੜ੍ਹ ਆਇਆ ਹੋਇਆ ਹੈ ਙ ਬੀਤੇ ਤਿੰਨ ਦਿਨਾਂ ਤੋਂ ਇਥੇ ਭਾਰੀ ਬਰਸਾਤ ਹੋ ਰਹੀ ਹੈ, ਜਿਸ ਕਾਰਨ ਪਿਆਪਲ, ਓਬਰਨ, ਕੈਂਟ, ਰੈਂਟਨ, ਸਨੋਮਿਸ ਤੇ ਕੁਝ ਹੋਰ ਸ਼ਹਿਰ ਇਸ ਭਾਰੀ ਹੜ੍ਹਾਂ ਦੀ ਲਪੇਟ ਵਿਚ ਆਏ ਹੋਏ ਹਨ।

ਇਨ੍ਹਾਂ ਸ਼ਹਿਰਾਂ ਵਿਚ ਦੀ ਲੰਗਦੇ ਦਰਿਆ ‘ਗਰੀਨ ਰਿਵਰ’ ਵਿਚ ਪਾਣੀ ਦਾ ਪੱਧਰ ਬਹੁਤ ਜ਼ਿਆਦਾ ਵੱਧ ਗਿਆ ਤੇ ਬੰਨ੍ਹਾਂ ਨੂੰ ਤੋੜਦੇ ਪਾਣੀ ਭਾਰੀ ਤਬਾਹੀ ਮਚਾ ਰਿਹਾ ਹੈ ਙ ਕਈ ਇਲਾਕਿਆਂ ਵਿਚ 7 ਤੋਂ 8 ਫੁੱਟ ਤੱਕ ਪਾਣੀ ਭਰ ਗਿਆ, ਜਿਸ ਕਾਰਨ ਬਹੁਤ ਸਾਰੇ ਰਿਹਾਇਸ਼ੀ ਤੇ ਕਮਰਸ਼ੀਅਲ ਇਲਾਕੇ ਇਸ ਦੀ ਮਾਰ ਹੇਠ ਆ ਗਏ ਙ ਸਰਕਾਰ ਨੇ ਪਹਿਲਾਂ ਹੀ ਹੜ੍ਹਾਂ ਦੀ ਚਿਤਾਵਨੀ ਜਾਰੀ ਕਰ ਦਿੱਤੀ ਸੀ, ਜਿਸ ਕਾਰਨ ਨੀਵੇਂ ਇਲਾਕਿਆਂ ਨੂੰ ਪਹਿਲਾਂ ਹੀ ਖਾਲ੍ਹੀ ਕਰਾ ਲਿਆ ਗਿਆ ਸੀ ਙ ਇਨ੍ਹਾਂ ਹੜ੍ਹਾਂ ਕਾਰਨ ਹਜ਼ਾਰਾਂ ਲੋਕ ਇਸ ਦੀ ਮਾਰ ਹੇਠ ਆਏ ਹਨ ਤੇ ਘਰੋਂ ਬੇਘਰ ਹੋਏ ਹਨ। ਬਚਾਅ ਦਸਤੇ ਲਗਾਤਾਰ ਰਾਹਤ ਕਾਰਜਾਂ ਵਿਚ ਜੁਟੇ ਹੋਏ ਹਨ।ਕ

## ਅਲਬਰਟਾ ਵਿਚ ਬਰਫੀਲੇ ਤੂਫ਼ਾਨ ਨਾਲ 100 ਕਾਰਾਂ ਟਕਰਾਈਆਂ



**ਕੈਲਗਰੀ**: ਅਲਬਰਟਾ ਸੂਬੇ ਅੰਦਰ ਆਏ ਬਰਫੀਲੇ ਤੂਫਾਨ ਨਾਲ ਵੱਖ-ਵੱਖ ਸ਼ਹਿਰਾਂ ਦੀਆਂ ਸੜਕਾਂ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ ਙ ਸਰਦੀਆਂ ਦਾ ਤੂਫਾਨ ਪੂਰਬ ਵੱਲ ਅਤੇ ਸੂਬੇ ਦੇ ਮੁੱਖ ਸ਼ਹਿਰਾਂ ਅਤੇ ਆਲੇ ਦੁਆਲੇ ਦੇ ਖੇਤਰਾਂ ਤੋਂ ਹੁੰਦਾ ਹੋਇਆ ਕਾਫੀ ਨੁਕਸਾਨ ਕਰ ਗਿਆ ਜਿਸ ਨਾਲ ਸੜਕਾਂ ਅਜੇ ਵੀ ਖਤਰਨਾਕ ਬਣੀਆਂ ਹੋਈਆਂ ਹਨ ¢ ਇਸ ਤੂਫਾਨ ਨੇ ਕੈਲਗਰੀ, ਐਡਮਿੰਟਨ, ਗ੍ਰਾਂਡੇਪ੍ਰੇਰੀ ਅਤੇ ਸਲੇਵ ਝੀਲ ਦੇ ਆਲੇ ਦੁਆਲੇ ਉੱਤਰ-ਕੇਂਦਰੀ ਖੇਤਰਾਂ ਤੋਂ ਕੈਨੇਡਾ-ਅਮਰੀਕਾ ਸਰਹੱਦ ਤੱਕ, ਖਾਸ ਕਰਕੇ ਹਾਈਵੇਅ ਅਤੇ ਪੇਂਡੂ ਸੜਕਾਂ ਤੇ ਖਤਰਨਾਕ ਸਥਿਤੀਆਂ ਪੈਦਾ ਕੀਤੀਆਂ ¢ ਆਰ ਸੀ. ਐਮ. ਪੀ. ਨੇ ਕਿਹਾ ਕਿ ਇਸਨੇ 80 ਤੋਂ 100 ਵਾਹਨਾਂ ਨੂੰ ਸੜਕਾਂ ‘ਤੇ ਢੇਰ ਕੀਤਾ ਙ ਜਿਸ ਨੇ ਏਅਰਡ੍ਰੀ ਤੇ ਕੈਲਗਰੀ ਵਿਚਕਾਰ ਹਾਈਵੇਅ 2 ਨੂੰ ਦੋਵਾਂ ਦਿਸ਼ਾਵਾਂ ਤੋਂ ਬੰਦ ਕਰ ਦਿੱਤਾ ¢ ਆਰ.ਸੀ.ਐਮ. ਪੀ. ਕਾਰਪੋਰੇਸ਼ਨਲ ਜੀਨਾ ਸਲੇਨੀ ਨੇ ਪ੍ਰੈੱਸ ਨੂੰ ਦੱਸਿਆ ਕਿ ਕੈਲਗਰੀ ਪੁਲਿਸ ਹਾਈਵੇਅ 2 ਤੋਂ ਦੱਖਣੀ ਅਲਬਰਟਾ ਸ਼ਹਿਰ ਤੋਂ ਉੱਤਰ ਵੱਲ ਜਾਣ ਵਾਲੇ ਟ੍ਰੈਫਿਕ ਨੂੰ ਰੀਡਾਇਰੈਕਟ ਕਰ ਰਹੀ ਹੈ¢ਓਲਡਜ਼ ਫਾਇਰ ਡਿਪਾਰਟਮੈਂਟ ਨੇ ਕਿਹਾ ਕਿ ਅਲਬਰਟਾ ਦੇ ਦੋ ਸਭ ਤੋਂ ਵੱਡੇ ਸ਼ਹਿਰਾਂ ਵਿਚਕਾਰ ਮੁੱਖ ਉੱਤਰ-ਦੱਖਣੀ ਰਸਤਾ ਓਲਡਜ਼ ਓਵਰਪਾਸ ਤੋਂ ਕਰਾਸਫੀਲਡ ਤੱਕ ਦੱਖਣ ਵੱਲ ਬੰਦ ਕਰ ਦਿੱਤਾ ਗਿਆ ਸੀ, ਜੋ ਕਿ ਲਗਭਗ 50 ਕਿਲੋਮੀਟਰ ਦਾ ਖੇਤਰ ਹੈ।

ਹਾਈਵੇਅ ਦੇ ਬਿਲਕੁਲ ਪੱਛਮ ਵਿਚ ਸਥਿਤ ਓਲਡਜ਼, ਕੈਲਗਰੀ ਤੋਂ 100 ਕਿਲੋਮੀਟਰ ਉਤਰ ਵੱਲ ਹੈ¢ ਕੁੱਝ ਖੇਤਰਾਂ ਵਿਚ 30 ਸੈਂਟੀਮੀਟਰ ਦੇ ਨੇੜੇ-ਤੇੜੇ ਬਰਫ਼ ਪੈ ਗਈ ਹੈ ਙ ਅਲਬਰਟਾ ਰਾਜਧਾਨੀ ਦੇ ਆਲੇ-ਦੁਆਲੇ ਦੇ ਹਾਈਵੇਅ ਅਤੇ ਸੜਕਾਂ ਬਰਫ ਨਾਲ ਢੱਕੀਆਂ ਹੋਈਆਂ ਸਨਙ


WCC
WESTERN
COMMUNITY
COLLEGE

JUMPSTART YOUR CAREER WITH WESTERN COMMUNITY COLLEGE!

TRAIN FOR IN-DEMAND CAREERS IN:

MASSAGE THERAPY
GRADUATE
IN 52 WEEKS

AVIATION
EARN YOUR
PPL & CPL

PHARMACY
TECHNICIAN
HIGH-DEMAND,
HIGH-PAYING FIELD



APPLY NOW: WCC.CA

# ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਬਲਬੀਰ ਸਿੰਘ ਚਾਨਾ ਮੁੜ ਪ੍ਰਧਾਨ ਚੁਣੇ ਗਏ

**ਸਰੀ**, (ਹਰਦਮ ਮਾਨ)- ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਦਾ ਪ੍ਰਬੰਧ ਸੰਭਾਲ ਰਹੀ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੀ ਜਨਰਲ ਮੀਟਿੰਗ ਐਤਵਾਰ ਨੂੰ ਹੋਈ, ਜਿਸ ਵਿੱਚ ਸਾਲ 2026 ਅਤੇ 2027 ਲਈ ਸੁਸਾਇਟੀ ਦੀ ਨਵੀਂ ਕਾਰਜਕਾਰੀ ਕਮੇਟੀ ਦੀ ਚੋਣ ਕੀਤੀ ਗਈ।



ਮੀਟਿੰਗ ਸਿੱਖ ਮਰਿਆਦਾ ਅਨੁਸਾਰ ਅਰਦਾਸ ਨਾਲ ਸ਼ੁਰੂ ਹੋਈ। ਚੋਣ ਪ੍ਰਕਿਰਿਆ ਚੋਣ ਅਧਿਕਾਰੀ ਸੁਰਿੰਦਰ ਸਿੰਘ ਗਹੀਰ ਦੀ ਦੇਖਰੇਖ ਹੇਠ ਨਿਯਮਾਂ ਅਨੁਸਾਰ ਅਤੇ ਸ਼ਾਂਤੀਪੂਰਕ ਢੰਗ ਨਾਲ ਸੰਪੰਨ ਕਰਵਾਈ ਗਈ। ਸਰਬਸੰਮਤੀ ਨਾਲ ਨਵੀਂ ਚੁਣੀ ਗਈ ਕਾਰਜਕਾਰੀ ਕਮੇਟੀ ਲਈ ਪ੍ਰਧਾਨ ਬਲਬੀਰ ਸਿੰਘ ਚਾਨਾ, ਸੀਨੀਅਰ ਮੀਤ ਪ੍ਰਧਾਨ ਦੀਪ ਸਿੰਘ ਕਲਸੀ, ਮੀਤ ਪ੍ਰਧਾਨ ਕਿਰਪਾਲ ਸਿੰਘ ਪਿੰਜਲ; ਸਕੱਤਰ ਚਰਨਜੀਤ ਸਿੰਘ ਮਰਵਾਹਾ, ਸੀਨੀਅਰ ਮੀਤ ਸਕੱਤਰ ਮਨਜੀਤ ਸਿੰਘ ਵਾਹਰਾ, ਮੀਤ ਸਕੱਤਰ ਹਰਜੀਤ ਸਿੰਘ ਸੇਹਰਾ; ਖ਼ਜ਼ਾਨਚੀ ਦਵਿੰਦਰ ਸਿੰਘ ਜੱਬਲ, ਸੀਨੀਅਰ ਮੀਤ ਖ਼ਜ਼ਾਨਚੀ ਮਨਜੀਤ ਸਿੰਘ ਮੁੱਧਰ, ਮੀਤ ਖ਼ਜ਼ਾਨਚੀ ਅਮਰੀਕ ਸਿੰਘ ਭੱਚੂ ਅਤੇ ਪਬਲਿਕ ਰਿਲੇਸ਼ਨ ਦੀ ਜ਼ਿੰਮੇਵਾਰੀ ਸੁਰਿੰਦਰ ਸਿੰਘ ਜੱਬਲ ਨੂੰ ਸੌਂਪੀ ਗਈ।

ਕਾਰਜਕਾਰੀ ਮੈਂਬਰਾਂ ਵਜੋਂ ਅਮਰਜੀਤ ਸਿੰਘ ਬਰਮੀ, ਹਰਭਜਨ ਸਿੰਘ ਭੱਚੂ, ਸੁਖਵਿੰਦਰ ਸਿੰਘ ਭਾਰਜ, ਬਲਵਿੰਦਰ ਸਿੰਘ ਕਲਸੀ ਅਤੇ ਧਰਮ ਸਿੰਘ ਪਨੇਸਰ ਸ਼ਾਮਲ ਹਨ।

ਇਸ ਤੋਂ ਇਲਾਵਾ ਟਰਸਟੀ ਵਜੋਂ ਇਕ ਸਾਲ ਲਈ ਰਵਿੰਦਰ ਸਿੰਘ ਬਰਜਸ ਅਤੇ ਗੁਰਵਿੰਦਰ ਸਿੰਘ ਗਹੀਰ, ਜਦਕਿ ਦੋ ਸਾਲਾਂ ਲਈ ਜਸਵੰਤ ਸਿੰਘ ਜੰਡੂ, ਗੁਰਨਾਮ ਸਿੰਘ ਕਲਸੀ ਅਤੇ ਤਰਸੇਮ ਸਿੰਘ ਵਿਰਦੀ ਨੂੰ ਨਿਯੁਕਤ ਕੀਤਾ ਗਿਆ।

# ਸਰੀ ਵਿੱਚ 'ਕਾਵਸ਼ਾਰ' ਕਵਿਤਾ ਸਮਾਗਮ 21 ਨੂੰ

**ਸਰੀ**, (ਹਰਦਮ ਮਾਨ) -ਗ਼ਜ਼ਲ ਮੰਚ ਸਰੀ ਵੱਲੋਂ 21 ਦਸੰਬਰ 2025 (ਐਤਵਾਰ) ਨੂੰ ਦੁਪਹਿਰ 1.30 ਵਜੇ ਫ਼ਲੀਟਵੁਡ ਕਮਿਊਨਿਟੀ ਸੈਂਟਰ (15996 84 ਐਵੇਨਿਊ, ਸਰੀ) ਵਿੱਚ ਦੂਜਾ ਕਵਿਤਾ ਸਮਾਗਮ 'ਕਾਵਸ਼ਾਰ' ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਮੰਚ ਦੇ ਪ੍ਰਧਾਨ ਜਸਵਿੰਦਰ ਅਤੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਦੱਸਿਆ ਹੈ ਕਿ ਇਸ ਵਾਰੀ ਦਾ 'ਕਾਵਸ਼ਾਰ' ਪ੍ਰੋਗਰਾਮ ਗ਼ਜ਼ਲ ਮੰਚ ਸਰੀ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ, ਕਿਉਂਕਿ ਨੌਜਵਾਨ ਕਵੀਆਂ ਵੱਲੋਂ ਇਸ ਵਾਸਤੇ ਬੇਹੱਦ ਉਤਸ਼ਾਹ ਦਿਖਾਇਆ ਜਾ ਰਿਹਾ ਹੈ।




ਇਸ ਕਾਵਿ ਸਮਾਗਮ ਵਿੱਚ ਜਸਪਾਲ ਮਠਾਰੂ, ਰੂਬੀ ਔਲਖ, ਡਾ. ਦਵਿੰਦਰ ਕੌਰ, ਜਸਬੀਰ ਮਾਨ, ਸੁਖਪ੍ਰੀਤ ਬੱਡੋਂ, ਅਮਰਜੀਤ ਸ਼ਾਂਤ, ਅਯੁਸ਼ ਅਰੋੜਾ, ਸ਼ਾਨ ਗਿੱਲ, ਦਲਜੀਤ ਖੋਸਲਾ, ਸ਼ਿਵਾਲਿਕਾ, ਸੋਨਲ ਕੌਰ, ਪਰਮਿੰਦਰ ਸਵੈਚ, ਪ੍ਰੇਮਦੀਪ, ਹਰਪ੍ਰੀਤ ਐਸ. ਧਾਲੀਵਾਲ, ਗੁਰਸਾਹਿਬ ਸਿੰਘ, ਸੰਦੀਪ ਐਸ. ਗਿੱਲ, ਗੁਰਜੀਵਨ ਸਿੰਘ, ਜਸਵੰਤ ਕੇ. ਰਾਣਾ, ਹਰਮਨਪ੍ਰੀਤ ਸਿੰਘ, ਮੀਨੂ ਬਾਵਾ, ਪ੍ਰੀਤ ਬੈਂਸ, ਮਹਿੰਦਰਪਾਲ ਪਾਲ, ਨਰਿੰਦਰ ਬਾਹੀਆ, ਮਨਜਿੰਦਰ ਐਸ. ਘੁਮਾਣ, ਡਾ. ਦਿਲਬਾਗ ਰਾਣਾ, ਸ਼ੁੱਭਪ੍ਰੀਤ ਸਿੰਘ, ਕੁਲਵਿੰਦਰ ਕੌਰ, ਸਾਧਿਕ ਪ੍ਰੀਤ ਸਿੰਘ,

# ਸਰੀ ਵਿੱਚ 'ਗੁਰੂ ਕਾ ਬੇਟਾ ਦਿਵਸ' ਮਨਾਇਆ





**ਸਰੀ**, (ਹਰਦਮ ਮਾਨ)- ਸਿੱਖ ਇਤਿਹਾਸ ਦੇ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ 'ਗੁਰੂ ਕਾ ਬੇਟਾ ਦਿਵਸ' ਬੀਤੀ ਸ਼ਾਮ ਸੈਂਟਰਲ ਲਾਇਬ੍ਰੇਰੀ, ਸਰੀ ਵਿਖੇ ਗਹਿਰੀ ਸ਼ਰਧਾ ਅਤੇ ਗੰਭੀਰ ਵਿਚਾਰ-ਵਟਾਂਦਰੇ ਦੇ ਮਾਹੌਲ ਵਿੱਚ ਮਨਾਇਆ ਗਿਆ। ਇਹ ਸਮਾਗਮ ਸੀ-ਫੇਸ ਸੁਸਾਇਟੀ ਅਤੇ ਚੇਤਨਾ ਐਸੋਸੀਏਸ਼ਨ ਕੈਨੇਡਾ ਦੇ ਸਾਂਝੇ ਉਪਰਾਲੇ ਨਾਲ ਕਰਵਾਇਆ ਗਿਆ, ਜਿਸਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ, ਕੁਰਬਾਨੀਆਂ ਅਤੇ ਸ਼ਹੀਦੀ ਵਿਰਾਸਤ ਨਾਲ ਜੋੜਣਾ ਸੀ। ਸਮਾਗਮ ਦੌਰਾਨ ਬਾਬਾ ਜੀਵਨ ਸਿੰਘ ਜੀ ਦੀ ਸ਼ਹਾਦਤ, ਉਨ੍ਹਾਂ ਦੇ ਜੀਵਨ ਦਰਸ਼ਨ ਅਤੇ ਇਤਿਹਾਸਕ ਮਹੱਤਤਾ 'ਤੇ ਵਿਚਾਰ ਸਾਂਝੇ ਕਰਨ ਲਈ ਇਕ ਵਿਸ਼ੇਸ਼ ਪੈਨਲ ਚਰਚਾ ਕਰਵਾਈ ਗਈ। ਇਸ ਪੈਨਲ ਦੀ ਅਗਵਾਈ ਡਾ. ਸੀਮਾ ਮਾਹੀ ਨੇ ਕੀਤੀ, ਜਦਕਿ ਪ੍ਰਿੰਸੀਪਲ ਮਲੂਕ ਚੰਦ ਕਲੇਰ, ਸਮਾਜਿਕ ਕਾਰਕੁਨ ਤ੍ਰਿਪਤਜੀਤ ਕੌਰ ਅਟਵਾਲ ਅਤੇ ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਨਾਲ ਸੰਬੰਧਿਤ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਬਾਬਾ ਜੀਵਨ ਸਿੰਘ ਜੀ ਦੀ ਕੁਰਬਾਨੀ ਨੂੰ ਅਜੋਕੀ ਪੀੜ੍ਹੀ ਲਈ ਪ੍ਰੇਰਣਾਸਰੋਤ ਦੱਸਿਆ। ਸੀ-ਫੇਸ ਸੁਸਾਇਟੀ ਦੇ ਬੋਰਡ ਮੈਂਬਰ ਭੁਪਿੰਦਰ ਸਿੰਘ ਲੱਧੜ ਨੇ ਕਿਹਾ ਕਿ ਬਾਬਾ ਜੀਵਨ ਸਿੰਘ ਜੀ ਦਾ ਜੀਵਨ ਹੌਸਲੇ, ਦ੍ਰਿੜ ਨਿਸ਼ਚੇ ਅਤੇ ਅਟੁੱਟ ਧਾਰਮਿਕ ਆਸਥਾ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਸਮਾਜ ਵਿੱਚ ਇਤਿਹਾਸਕ ਸਮਝ ਅਤੇ ਚੇਤਨਾ ਨੂੰ ਮਜ਼ਬੂਤ ਕਰਦੇ ਹਨ।

ਇਸ ਮੌਕੇ ਕਬੱਡੀ ਦੇ ਪ੍ਰਸਿੱਧ ਪ੍ਰਮੋਟਰ ਬਲਵੀਰ ਸਿੰਘ ਬੈਂਸ ਨੂੰ ਸਮਾਜਿਕ ਸੇਵਾਵਾਂ ਅਤੇ ਖੇਡਾਂ ਦੇ ਖੇਤਰ ਵਿੱਚ ਪਾਏ ਯੋਗਦਾਨ ਲਈ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਸੀ-ਫੇਸ ਸੁਸਾਇਟੀ ਦੇ ਪ੍ਰਧਾਨ ਸ੍ਰੀਕਾਂਤ ਮੋਗੂਲਾਲਾ ਨੇ ਆਪਣੇ ਵਲੰਟੀਅਰਾਂ ਨਾਲ ਮਿਲ ਕੇ ਖਾਣ-ਪੀਣ ਦੇ ਪ੍ਰਬੰਧ ਰਾਹੀਂ ਸਮਾਗਮ ਦੀ ਕਾਮਯਾਬੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ANSATEL COMMUNICATIONS

Helping Lower Mainland Businesses Since 1983

Panasonic ideas for life



- VOIP Telephone Systems
- VOIP Phone Lines
- Data & Telephone Cabling
- Automatic Call Distribution
- CTI (Computer Telephone Integration)
- Wireless & Corded Headsets
- Multiline Wireless Telephones
- Lease Or Rental Packages
- Service Other Makes & Models

Helping Lower Mainland Businesses Since 1983

*Customized Solutions to Suit Your Needs.*

604-872-6500

2148 Kingsway, Vancouver | www.ansatel.com - info@ansatel.com

24/7 SALES & SERVICE

# ਸਰੀ ਵਿਚ ਕੌਮਾਂਤਰੀ ਮਨੁੱਖੀ ਅਧਿਕਾਰ ਦਿਹਾੜੇ ’ਤੇ ਸਿੱਖ ਨਜ਼ਰੀਏ ’ਤੇ ਹੋਈ ਗੋਸ਼ਟੀ

**ਸਰੀ**: ਕੌਮਾਂਤਰੀ ਮਨੁੱਖੀ ਅਧਿਕਾਰ ਦਿਹਾੜੇ ਮੌਕੇ 10 ਦਸੰਬਰ ਨੂੰ ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਅਤੇ ਵਣਜਾਰਾ ਨੋਮੈਡ ਕਲੈਕਸ਼ਨਜ਼ ਦੇ ਸਾਂਝੇ ਉਪਰਾਲੇ ਨਾਲ ਇਕ ਗੰਭੀਰ, ਵਿਚਾਰਪੂਰਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਿੱਖ ਇਤਿਹਾਸ ਅਤੇ ਮਨੁੱਖੀ ਅਧਿਕਾਰਾਂ ਨੂੰ ਸਿੱਖ ਨਜ਼ਰੀਏ ਤੋਂ ਪਰਖਿਆ ਗਿਆ। ਸਮਾਗਮ ਵਿੱਚ ਵਿਦਵਾਨਾਂ, ਸਮਾਜਕ ਕਾਰਕੁਨਾਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਦੀ ਵਿਸ਼ਾਲ ਹਾਜ਼ਰੀ ਨੇ ਇਸ ਨੂੰ ਵਿਸ਼ੇਸ਼ ਮਹੱਤਵ ਦਿੱਤਾ।



ਇਸ ਮੌਕੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਵਿਸ਼ੇਸ਼ ਤੌਰ ’ਤੇ ਸ਼ਾਮਿਲ ਹੋਏ। ਉਨ੍ਹਾਂ ਨੇ ਗੁਰੂ ਨਾਨਕ ਜਹਾਜ਼ ਦੇ ਸਵਾਰਾਂ ਵਿਚ ਸ਼ਾਮਿਲ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਅਤੇ ਸ਼ਹੀਦ ਖਾਲੜਾ ਦੇ ਦਾਦਾ ਭਾਈ ਹਰਨਾਮ ਸਿੰਘ ਖਾਲੜਾ ਦੀ ਜੀਵਨੀ ਉੱਤੇ ਪ੍ਰਕਾਸ਼ ਪਾਉਂਦਿਆਂ, ਮਨੁੱਖੀ ਅਧਿਕਾਰਾਂ ਲਈ ਸ਼ਹੀਦ ਖਾਲੜਾ ਦੇ ਅਟੱਲ ਸੰਘਰਸ਼ ਦੀ ਦਰਦਭਰੀ ਪਰ ਪ੍ਰੇਰਕ ਦਾਸਤਾਨ ਸਾਂਝੀ ਕੀਤੀ। ਉਨ੍ਹਾਂ ਦੇ ਵਿਚਾਰਾਂ ਨੇ ਸੰਗਤ ਨੂੰ ਅੰਦਰੋਂ ਝੰਜੋੜ ਕੇ ਰੱਖ ਦਿੱਤਾ।

ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਡਾ. ਗੁਰਵਿੰਦਰ ਸਿੰਘ ਨੇ ਮਨੁੱਖੀ ਅਧਿਕਾਰਾਂ ਦੇ ਪ੍ਰਸੰਗ ਵਿੱਚ ਗੁਰੂ ਨਾਨਕ ਜਹਾਜ਼ ਦੀ ਇਤਿਹਾਸਕ ਮਹੱਤਤਾ, ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੇ ਸੰਘਰਸ਼ ਅਤੇ ਬਹੁ-ਕੌਮੀ ਸੱਭਿਆਚਾਰ ਵਿੱਚ ਉਨ੍ਹਾਂ ਦੀ ਦੇਣ ਬਾਰੇ ਚਰਚਾ ਕੀਤੀ। ਉਨ੍ਹਾਂ ਨੇ ਨੈਸ਼ਨਲ ਮੀਡੀਆ ਵਿੱਚ ਸਿੱਖ ਇਤਿਹਾਸ ਅਤੇ ਸੰਘਰਸ਼ ਬਾਰੇ ਬਣਾਏ ਜਾ ਰਹੇ ਗਲਤ ਬਿਰਤਾਂਤਾਂ ਉੱਤੇ ਵੀ ਤਿੱਖੀ ਟਿੱਪਣੀ ਕੀਤੀ ਅਤੇ ਖੁੱਲ੍ਹੀ ਗੱਲਬਾਤ ਦੀ ਲੋੜ ਉੱਤੇ ਜ਼ੋਰ ਦਿੱਤਾ।

ਸਮਾਗਮ ਦੌਰਾਨ ਪ੍ਰਸਿੱਧ ਕਲਾਕਾਰ ਮਰਹੂਮ ਜਰਨੈਲ ਸਿੰਘ ਚਿੱਤਰਕਾਰ ਵੱਲੋਂ ਤਿਆਰ ਕੀਤੀਆਂ ਗੁਰੂ ਨਾਨਕ ਜਹਾਜ਼ ਸੰਬੰਧੀ ਚਾਰ ਵੱਡ-ਆਕਾਰੀ ਪੇਂਟਿੰਗਾਂ ਦੀ ਵਿਸ਼ੇਸ਼ ਨੁਮਾਇਸ਼ ਲਾਈ ਗਈ। ਇਸ ਦੇ ਨਾਲ ਹੋਰ ਇਤਿਹਾਸਕ ਤਸਵੀਰਾਂ ਅਤੇ ਜਾਣਕਾਰੀ ਭਰਪੂਰ ਪੈਨਲ ਵੀ ਦਰਸ਼ਕਾਂ ਨਾਲ ਸਾਂਝੇ ਕੀਤੇ ਗਏ, ਜਿਨ੍ਹਾਂ ਨੇ ਇਤਿਹਾਸ ਨੂੰ ਦ੍ਰਿਸ਼ਟੀਗਤ ਰੂਪ ਵਿੱਚ ਜਿਉਂਦਾ ਕਰ ਦਿੱਤਾ।

ਵਣਜਾਰਾ ਨੋਮੈਡ ਕਲੈਕਸ਼ਨਜ਼ ਵੱਲੋਂ ਰਾਜ ਸਿੰਘ ਭੰਡਾਲ ਨੇ ‘ਅਸੀਂ ਦੱਖਣੀ ਏਸ਼ੀਆਈ ਨਹੀਂ ਹਾਂ’ ਮੁਹਿੰਮ, ਵੈਨਕੂਵਰ ਯੂਨੀਵਰਸਿਟੀ ਵਿੱਚ ਲੱਗੀ ‘ਓਵਰਕਾਸਟ’ ਨਾਂ ਦੀ ਪ੍ਰਦਰਸ਼ਨੀ ਅਤੇ ਮਿਊਜ਼ੀਅਮਾਂ ਨਾਲ ਜੁੜੇ ਵਿਵਾਦਤ ਮਸਲਿਆਂ ਬਾਰੇ ਤੱਥਪੂਰਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਕਿਵੇਂ ਸਿੱਖ ਪਛਾਣ ਅਤੇ ਇਤਿਹਾਸ ਨੂੰ ਅਕਾਦਮਿਕ ਅਤੇ ਸੱਭਿਆਚਾਰਕ ਢਾਂਚਿਆਂ ਵਿੱਚ ਅਕਸਰ ਗਲਤ ਤਰੀਕੇ ਨਾਲ ਪੇਸ਼ ਕੀਤਾ ਜਾਂਦਾ ਹੈ।

ਸਮਾਗਮ ਦਾ ਸੁਚੱਜਾ ਸੰਚਾਲਨ ਤਜਿੰਦਰਪਾਲ ਸਿੰਘ ਵੱਲੋਂ ਕੀਤਾ ਗਿਆ, ਜਦਕਿ ਸੰਗਤਾਂ ਦਾ ਧੰਨਵਾਦ ਡਾ. ਜਸਜੋਤ ਸਿੰਘ ਮਾਨ ਨੇ ਅਦਾ ਕੀਤਾ। ਤਾਜ ਕਨਵੈਂਸ਼ਨ ਸੈਂਟਰ ਦੇ ਕੁਲਤਾਰ ਸਿੰਘ ਥਿਆੜਾ ਅਤੇ ਸਮੂਹ ਪ੍ਰਬੰਧਕਾਂ ਨੇ ਸਮਾਗਮ ਦੀ ਸਫ਼ਲਤਾ ਲਈ ਪਰਜੋਰ ਸਹਿਯੋਗ ਦਿੱਤਾ।

ਇਸ ਮੌਕੇ ਵੱਖ-ਵੱਖ ਗੁਰਦੁਆਰਾ ਸੁਸਾਇਟੀਆਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਦੀ ਵਿਸ਼ੇਸ਼ ਹਾਜ਼ਰੀ ਰਹੀ, ਜਿਨ੍ਹਾਂ ਨੇ ਗੁਰੂ ਨਾਨਕ ਜਹਾਜ਼ ਦੇ ਨਾਂ ਦੀ ਮਾਨਤਾ ਅਤੇ ਹੋਰ ਅਹਿਮ ਮੁੱਦਿਆਂ ’ਤੇ ਲੰਮੇ ਸਮੇਂ ਤੋਂ ਚੱਲ ਰਹੇ ਸੰਘਰਸ਼ ਵਿੱਚ ਸਹਿਯੋਗ ਦੀ ਪੁਸ਼ਟੀ ਕੀਤੀ। ਤਿੰਨ ਘੰਟੇ ਚੱਲੇ ਇਸ ਸਮਾਗਮ ਦੌਰਾਨ ਗੁਰੂ ਨਾਨਕ ਜਹਾਜ਼ ਦੇ ਇਤਿਹਾਸਕ ਪ੍ਰਸੰਗ, ‘ਅਸੀਂ ਦੱਖਣੀ ਏਸ਼ੀਆਈ ਨਹੀਂ ਹਾਂ’ ਅਤੇ ਯੂਨੀਵਰਸਿਟੀਆਂ ਵਿੱਚ ਹੋ ਰਹੀ ‘ਸਿੱਖ ਵਿਰੋਧੀ ਸਿਧਾਂਤਕ ਘੇਰਾਬੰਦੀ’ ਬਾਰੇ ਡੂੰਘੀ ਤੇ ਤਰਕਸੰਗਤ ਵਿਚਾਰ-ਚਰਚਾ ਹੋਈ।

# ਸਰੀ ਦੇ ਸੂਰੀ ਪਰਿਵਾਰ ਨੂੰ ਸਦਮਾ — ਮਾਤਾ ਗੁਰਦੇਵ ਕੌਰ ਵਿਛੋੜਾ ਦੇ ਗਏ



**ਸਰੀ**, (ਹਰਦਮ ਮਾਨ)-ਸਰੀ ਨਿਵਾਸੀ ਸੂਰੀ ਪਰਿਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਪਹੁੰਚਿਆ ਜਦੋਂ ਮਾਤਾ ਗੁਰਦੇਵ ਕੌਰ ਸੂਰੀ (ਉਮਰ 93 ਸਾਲ) 16 ਦਸੰਬਰ 2025 ਨੂੰ ਅਕਾਲ ਚਲਾਣਾ ਕਰ ਗਏ। ਮਾਤਾ ਗੁਰਦੇਵ ਕੌਰ ਸੂਰੀ ਦਾ ਅੰਤਿਮ ਸੰਸਕਾਰ 22 ਦਸੰਬਰ 2025 ਨੂੰ ਦੁਪਹਿਰ 2:30 ਵਜੇ ਰਿਵਰਸਾਈਡ ਫਿਊਨਰਲ ਹੋਮ, ਡੈਲਟਾ (ਬੀ.ਸੀ.) ਵਿਖੇ ਹੋਵੇਗੀ। ਉਪਰੰਤ ਉਸੇ ਦਿਨ ਸ਼ਾਮ 4:00 ਵਜੇ ਗੁਰੂ ਨਾਨਕ ਸਿੱਖ ਗੁਰਦੁਆਰਾ, ਸਰੀ (ਬੀ.ਸੀ.) ਵਿੱਚ ਸਹਿਜ ਪਾਠ ਦਾ ਭੋਗ ਪਵੇਗਾ ਅਤੇ ਅੰਤਿਮ ਅਰਦਾਸ ਅਦਾ ਕੀਤੀ ਜਾਵੇਗੀ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਮਨਜਿੰਦਰ ਸਿੰਘ ਸੂਰੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ।


ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ

Transparent IMMIGRATION SERVICES INC

- Visitor Visa/Extension
- Super Visa
- Study Permit/ PGWP
- LMIA
- Work Permit
- Spousal Sponsorship
- Express Entry Application
- PR Application/Renewal
- Citizenship Application
- Family Sponsorship



Maninder Kaur (RCIC)

For more information Contact 778-951-8252

#219, 7928-128 St. Surrey, British Columbia, V3W 4E8

Email: info@transparentimmigration.com

CONNECT INSURANCE BROKERS INC.

ਸੁਪਰ ਵੀਜ਼ਾ ਇੰਸ਼ੋਰੈਂਸ

Autoplan [ Home [ Travel
Mortgage [ Tenant

Call Now:
604.553.6616

165-23233 Gilley Road
Richmond, BC V6V 1E6


WCC
WESTERN COMMUNITY COLLEGE
REGISTERED MASSAGE THERAPIST
PROGRAM
Become a Massage Therapist
Graduate In Under 2 Years with an average hourly wage of $80/hr*
START YOUR RMT JOURNEY
Gain hands-on training, in-depth knowledge, and clinical experience to become a licensed massage therapist in BC. Our RMT program prepares you for CCOA board exams and a successful career in healthcare.
FLEXIBLE SCHEDULES
FINANCIAL AID AVAILABLE
97%
GRADUATE EMPLOYMENT RATE
$80*
HOURLY WAGE AVERAGE
SURREY CAMPUS
604.594.3500
WCC.CA/RMT

SA
MEDIA GROUP

ਪੰਜਾਬੀ ਜਰਨਲ
DELTA OFFICE:
#3 7953 120 St. Delta
BC., V4C 6P6
Ph : **604-312-5678**
EMAIL:
punjabijournal@gmail.com
connect@asianjournal.ca

The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

**ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।**

RETURN UNDELIVERABLE TO
CIRCULATION WING
SA MEDIA GROUP
14308 62nd Ave.,
Surrey BC, V3S 0K5
PUBLICATION MAIL
Contract/Agreement
# is 41798524

1520799 BC Ltd
SA Media Group
(Punjabi Journal)
is not responsible or legally liable for any matter or typing mistake.

**Managing Director**
**SAHEBJIT SINGH RANDHAWA**

**For Advertising**
**Call 604-312-5678**

**Graphic Designer**
**Ashu Kashyap**

# ਅਕਾਲੀ ਦਲ ਦਾ ਹੁਣ ਕੀ ਹੈ ਭਵਿੱਖ



ਵੀਹਵੀਂ ਸਦੀ ਦੇ ਆਰੰਭ ’ਚ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਹੋਂਦ ’ਚ ਆਉਣ ਵਾਲਾ ਸ਼੍ਰੋਮਣੀ ਅਕਾਲੀ ਦਲ ਦੇਸ਼ ਦੀ ਦੂਜੀ ਸਭ ਤੋਂ ਪੁਰਾਣੀ ਸਿਆਸੀ ਜਥੇਬੰਦੀ ਹੈ। ਖ਼ਾਲਸਾ ਰਾਜ ਦੇ ਪਤਨ ਤੋਂ ਬਾਅਦ ਸਿੱਖ ਕੌਮ ਵਿਚ ਛਾਈ ਨਿਰਾਸ਼ਾ ਅਤੇ ਆਈ ਸਿਧਾਂਤਕ ਗਿਰਾਵਟ ਨੂੰ ਦੂਰ ਕਰਨ ਲਈ ਜਿਹੜੀ ਜਾਗ੍ਰਿਤੀ ਸਿੰਘ ਸਭਾ ਲਹਿਰ ਨੇ ਲਿਆਂਦੀ ਸੀ, ਉਸ ਦੇ ਫ਼ਲਸਰੂਪ 15 ਨਵੰਬਰ 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਹੋਇਆ।

ਗੁਰਦੁਆਰਿਆਂ ਦੇ ਪ੍ਰਬੰਧ ਮੁਕੰਮਲ ਰੂਪ ’ਚ ਮਹੰਤਾਂ ਕੋਲੋਂ ਛੁਡਾ ਕੇ ਸਿੱਖ ਸੰਸਥਾ ਦੇ ਹਵਾਲੇ ਕਰਨ ਲਈ ਅਕਾਲੀ ਸਿੱਖਾਂ ਦੇ ਜਥੇ ਭੇਜਣ ਦਾ ਇਕਰੂਪ ਪ੍ਰਬੰਧ ਕਰਨ ਅਤੇ ਸਾਰੇ ਖੇਤਰੀ ਜਥਿਆਂ ’ਚ ਤਾਲਮੇਲ ਸਥਾਪਤ ਕਰਨ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ 14 ਦਸੰਬਰ 1920 ਨੂੰ ਸਿੱਖਾਂ ਦੀ ਕੇਂਦਰੀ ਜਥੇਬੰਦੀ ਵਜੋਂ ‘ਅਕਾਲੀ ਦਲ’ ਦੀ ਸਥਾਪਨਾ ਹੋਈ। ਸ. ਸਰਮੁਖ ਸਿੰਘ ਝਬਾਲ ਇਸ ਦੇ ਪਹਿਲੇ ਪ੍ਰਧਾਨ ਬਣੇ। ਅਕਾਲੀ ਦਲ ਨਾਲ ‘ਸ਼੍ਰੋਮਣੀ’ ਸ਼ਬਦ 29 ਮਾਰਚ 1922 ਨੂੰ ਜਥੇਬੰਦੀ ਦੇ ਛੇਵੇਂ ਮਤੇ ਰਾਹੀਂ ਜੋੜ ਦਿੱਤਾ ਗਿਆ।

ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਵਿਧਾਨ ਦੀ ਸਿਰਜਣਾ ਦੇ ਮੁੱਖ ਮੰਤਵ, ਗੁਰਦੁਆਰਿਆਂ ਦਾ ਪਾਰਦਰਸ਼ੀ ਸੰਗਤੀ ਪ੍ਰਬੰਧ ਕਾਇਮ ਕਰਨਾ, ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਅਤੇ ਅਨਮਤ ਦੇ ਹਮਲਿਆਂ ਨੂੰ ਰੋਕਣਾ, ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਤ ਨਿਆਰਾ ਤੇ ਸੁਤੰਤਰ ਕੌਮੀ ਹਸਤੀ ਵਾਲਾ ਪੰਥ ਤੇ ਦੇਸ਼ ਵਿਚ ਸਿੱਖਾਂ ਲਈ ਸਨਮਾਨਜਨਕ ਖ਼ੁਦਮੁਖਤਾਰ ਰਾਜਸੀ ਸਥਾਨ ਦੀ ਪ੍ਰਾਪਤੀ ਕਰਨਾ ਸੀ।

ਜਦੋਂ ਗੁਰਦੁਆਰੇ ਭ੍ਰਿਸ਼ਟ ਮਹੰਤਾਂ ਕੋਲੋਂ ਆਜ਼ਾਦ ਕਰਵਾਉਣ ਲਈ ਅਕਾਲੀ ਦਲ ਦੇ ਸੰਘਰਸ਼ ਨੇ ਤੇਜ਼ੀ ਫੜੀ ਤਾਂ ਰਾਜਨੀਤਕ ਖੇਤਰ ’ਚ ਤਰਥਲੀ ਮਚ ਗਈ। ਇਸੇ ਕਰਕੇ ‘ਕੁੰਜੀਆਂ ਦਾ ਮੋਰਚਾ’ ਜਿੱਤਣ ’ਤੇ ਮਹਾਤਮਾ ਗਾਂਧੀ ਨੇ ਇਸ ਨੂੰ ‘ਆਜ਼ਾਦੀ ਦੀ ਲੜਾਈ ਦੀ ਪਹਿਲੀ ਜਿੱਤ’ ਕਰਾਰ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਬਾਬਾ ਖੜਕ ਸਿੰਘ ਨੂੰ ਵਧਾਈ ਦੀ ਤਾਰ ਭੇਜੀ ਸੀ।

ਅਕਾਲੀ ਲਹਿਰ ਦੌਰਾਨ 500 ਦੇ ਕਰੀਬ ਸਿੱਖ ਸ਼ਹੀਦ ਹੋਏ, ਹਜ਼ਾਰਾਂ ਅੰਗਾਂ-ਪੈਰਾਂ ਤੋਂ ਨਕਾਰਾ ਹੋ ਗਏ, 30 ਹਜ਼ਾਰ ਨੇ ਕਾਲ ਕੋਠੜੀਆਂ ਦੀਆਂ ਮੁਸ਼ੱਕਤ ਭਰੀਆਂ ਕੈਦਾਂ ਝੇਲੀਆਂ। ਉਸ ਸਮੇਂ ਦੌਰਾਨ ਅਕਾਲੀਆਂ ਨੇ ਪੰਥ ਦੀ ਸੇਵਾ ਵਾਸਤੇ 15 ਲੱਖ ਰੁਪਏ ਦੇ ਜੁਰਮਾਨੇ ਭਰੇ ਅਤੇ ਹਜ਼ਾਰਾਂ ਸਿੱਖਾਂ ਨੂੰ ਸਰਕਾਰੀ ਅਹੁਦਿਆਂ ਤੋਂ ਮਿਲਦੀਆਂ ਪੈਨਸ਼ਨਾਂ ਤੋਂ ਹੱਥ ਧੋਣੇ ਪਏ। ਅੰਗਰੇਜ਼ ਹਕੂਮਤ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ 12 ਅਕਤੂਬਰ 1923 ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ ਤੇ ਫਿਰ 13 ਸਤੰਬਰ 1926 ਨੂੰ ਇਹ ਪਾਬੰਦੀ ਖ਼ਤਮ ਕਰ ਦਿੱਤੀ।

ਸਾਲ 1929 ਵਿਚ ਪੂਰਨ ਸਵਰਾਜ ਦੀ ਮੰਗ ਦਾ ਮਤਾ ਪੇਸ਼ ਕਰਨ ਵਾਲੇ ਕਾਂਗਰਸ ਦੇ ਇਜਲਾਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਾਬਾ ਖੜਕ ਸਿੰਘ ਨੂੰ ਮਹਾਤਮਾ ਗਾਂਧੀ ਤੇ ਪੰਡਿਤ ਨਹਿਰੂ ਨੇ ਭਰੋਸਾ ਦਿੱਤਾ ਕਿ ਆਜ਼ਾਦੀ ਮਿਲਣ ’ਤੇ ਦੇਸ਼ ਵਿਚ ਕੋਈ ਵੀ ਅਜਿਹਾ ਸੰਵਿਧਾਨ ਨਹੀਂ ਬਣੇਗਾ, ਜੋ ਸਿੱਖਾਂ ਨੂੰ ਪ੍ਰਵਾਨ ਨਾ ਹੋਵੇ। ਨਵੰਬਰ 1949 ਵਿਚ ਸੰਵਿਧਾਨ-ਘੜਨੀ ਕਮੇਟੀ ਦੀ ਆਖ਼ਰੀ ਬੈਠਕ ਦੌਰਾਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਿੱਖਾਂ ਦੀ ਨੁਮਾਇੰਦਗੀ ਕਰਦਿਆਂ ਹੁਕਮ ਸਿੰਘ ਅਤੇ ਭੁਪਿੰਦਰ ਸਿੰਘ ਮਾਨ ਨੇ ਸੰਵਿਧਾਨ ਦੇ ਖਰੜੇ ’ਤੇ ਦਸਤਖ਼ਤ ਕਰਨ ਤੋਂ ਇਹ ਆਖ ਕੇ ਨਾਂਹ ਕਰ ਦਿੱਤੀ ਕਿ ‘ਸਿੱਖਾਂ ਨੂੰ ਇਹ ਸੰਵਿਧਾਨ ਪ੍ਰਵਾਨ ਨਹੀਂ।’

ਇਸ ਤਰ੍ਹਾਂ ਆਜ਼ਾਦ ਦੇਸ਼ ਅੰਦਰ ਵੀ ਸਿੱਖਾਂ ਨੂੰ ਅਣਗੌਲਿਆਂ ਕਰਨ ਦਾ ਰੋਸ ਤੇ ਰੋਹ ਵਧਣਾ ਸ਼ੁਰੂ ਹੋ ਗਿਆ।

ਸ਼੍ਰੋਮਣੀ ਅਕਾਲੀ ਦਲ ਦੇ ਤੀਜੇ ਪ੍ਰਧਾਨ ਮਾਸਟਰ ਤਾਰਾ ਸਿੰਘ ਨੇ ਦਿੱਲੀ ਵਿਚ ਵਿਰੋਧ ਰੈਲੀ ਕਰਨ ਦਾ ਫ਼ੈਸਲਾ ਕੀਤਾ ਪਰ ਉਨ੍ਹਾਂ ਨੂੰ ਦਿੱਲੀ ਪੁੱਜਣ ਤੋਂ ਪਹਿਲਾਂ ਹੀ ਨਰੇਲਾ ਰੇਲਵੇ ਸਟੇਸ਼ਨ ’ਤੇ ਗ੍ਰਿਫ਼ਤਾਰ ਕਰਕੇ ਅਲਮੋੜਾ ਜੇਲ੍ਹ ਭੇਜ ਦਿੱਤਾ ਗਿਆ। ਮਾਸਟਰ ਤਾਰਾ ਸਿੰਘ ਆਜ਼ਾਦ ਭਾਰਤ ਦੇ ਪਹਿਲੇ ਸਿਆਸੀ ਕੈਦੀ ਬਣੇ। ਸੂਬਿਆਂ ਦੇ ਭਾਸ਼ਾਈ ਆਧਾਰ ’ਤੇ ਪੁਨਰਗਠਨ ਵੇਲੇ ਵੀ ਪੰਜਾਬ ਨੂੰ ਵਿਚਾਰਿਆ ਨਾ ਗਿਆ ਤਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬੀ ਸੂਬਾ ਬਣਾਉਣ ਲਈ ਪਹਿਲਾਂ ਸੰਨ 1955 ਤੇ ਫਿਰ 1960 ਵਿਚ ਲਗਾਏ ਮੋਰਚਿਆਂ ਵਿਚ ਹਜ਼ਾਰਾਂ ਸਿੱਖਾਂ ਨੇ ਗ੍ਰਿਫ਼ਤਾਰੀ ਦਿੱਤੀ ਤੇ ਸ਼ਹੀਦ ਹੋ ਗਏ।

ਅਖ਼ੀਰ ’ਚ ਸੰਨ 1966 ਵਿਚ ਪੰਜਾਬੀ ਸੂਬਾ ਬਣਾਇਆ ਪਰ ਉਹ ਵੀ ਅੱਧ-ਅਧੂਰਾ ਅਤੇ ਰਾਜਧਾਨੀ ਚੰਡੀਗੜ੍ਹ ਤੇ ਅਨੇਕਾਂ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਤੋਂ ਬਾਹਰ ਕਰਨ ਵਾਲਾ। ਦਰਿਆਈ ਪਾਣੀ, ਡੈਮ ਪ੍ਰਬੰਧ ਅਤੇ ਯੂਨੀਵਰਸਿਟੀ ਵਰਗੇ ਮਾਮਲੇ ਵਿਚਾਰੇ ਹੀ ਨਾ ਗਏ। ਸੰਨ 1975 ’ਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਦੇਸ਼ ’ਚ ਲਗਾਈ ਐਮਰਜੈਂਸੀ ਵਿਰੁੱਧ ਪੂਰੇ ਦੇਸ਼ ’ਚੋਂ ਸਭ ਤੋਂ ਪਹਿਲਾਂ ਆਵਾਜ਼ ਉਠਾਉਣ ਵਾਲਾ ਸ਼੍ਰੋਮਣੀ ਅਕਾਲੀ ਦਲ ਹੀ ਸੀ ਅਤੇ ਇਸ ਦੌਰਾਨ ਅਕਾਲੀਆਂ ਨੇ ਬੇਅੰਤ ਤਸ਼ੱਦਦ ਝੱਲੇ ਤੇ ਜੇਲ੍ਹਾਂ ਵੀ ਕੱਟੀਆਂ।

ਦੇਸ਼ ਵਿਚ ਸੰਘੀ ਢਾਂਚੇ ਦਾ ਨਿਰਮਾਣ ਕਰ ਕੇ ਪੰਜਾਬ ਨੂੰ ਖ਼ੁਦਮੁਖਤਾਰੀ ਦੇਣ, ਦਰਿਆਈ ਪਾਣੀਆਂ, ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ ਪੰਜਾਬ ਹਵਾਲੇ ਕਰਨ ਸਮੇਤ ਹੋਰ ਅਨੇਕ ਪੰਜਾਬ ਦੇ ਹੱਕਾਂ ਦੀ ਪ੍ਰਾਪਤੀ ਲਈ ਸ਼੍ਰੋਮਣੀ ਅਕਾਲੀ ਦਲ ਨੇ 4 ਅਗਸਤ 1982 ਨੂੰ ਧਰਮ ਯੁੱਧ ਮੋਰਚਾ ਲਗਾਇਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ’ਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸਹਿਯੋਗ ਨਾਲ ਢਾਈ ਕੁ ਲੱਖ ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਅਤੇ ਅਸਹਿ-ਅਕਹਿ ਤਸ਼ੱਦਦ ਝੱਲੇ। ਗ੍ਰਿਫ਼ਤਾਰੀਆਂ ਦੇਣ ਲਈ ਸਭ ਤੋਂ ਪਹਿਲਾ ਜਥਾ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਗਿਆ। ਕੇਂਦਰ ਦੀ ਕਾਂਗਰਸ ਸਰਕਾਰ ਨੇ ਸਿੱਖਾਂ ਨੂੰ ਹੱਕ ਦੇਣ ਦੀ ਥਾਂ ਇਸ ਮੋਰਚੇ ਨੂੰ ਕੁਚਲਣ ਲਈ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ’ਤੇ ਫ਼ੌਜੀ ਹਮਲਾ ਕਰ ਦਿੱਤਾ ਤੇ ਪੰਜਾਬ 1995 ਤੱਕ ਅੱਗ ਦੀ ਭੱਠੀ ਬਣਿਆ ਰਿਹਾ।

ਬੇਸ਼ੱਕ ਪੰਜਾਬੀ ਸੂਬੇ ਦੀ ਸਥਾਪਤੀ ਪਿੱਛੋਂ ਅਕਾਲੀ ਦਲ ਸੂਬੇ ਦੀ ਸ਼ਕਤੀਸ਼ਾਲੀ ਰਾਜਸੀ ਪਾਰਟੀ ਬਣ ਕੇ ਉੱਭਰਿਆ ਸੀ ਤੇ 1967, 1969, 1977 ਅਤੇ 1985 ਵਿਚ ਇਸ ਦੀਆਂ ਸਰਕਾਰਾਂ ਬਣਦੀਆਂ ਰਹੀਆਂ ਪਰ 1997 ਵਿਚ ਇਸ ਦੀ ਪਹਿਲੀ ਸਰਕਾਰ ਸੀ ਜੋ ਪੂਰੇ ਪੰਜ ਸਾਲ ਚੱਲ ਸਕੀ।

ਪੰਜਾਬ ’ਚ ਖਾੜਕੂਵਾਦ ਦੇ ਖ਼ਾਤਮੇ ਦੇ ਨਾਂ ’ਤੇ ਪੁਲਿਸ ਦੁਆਰਾ ਕੀਤੇ ਗਏ ਮਨੁੱਖੀ ਅਧਿਕਾਰਾਂ ਦੇ ਘਾਣ ਦੇ ਇਕ ਦਿਲ-ਕੰਬਾਊ ਦੌਰ ਤੋਂ ਬਾਅਦ ਭਾਈਚਾਰਕ ਏਕਤਾ ਅਤੇ ਅਮਨ-ਸ਼ਾਂਤੀ ਦੇ ਵਾਸਤੇ 1997 ਦੀਆਂ ਵਿਧਾਨ ਸਭਾ ਚੋਣਾਂ ’ਚ ਪੰਜਾਬ ਦੇ ਲੋਕਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਗੱਠਜੋੜ ਨੂੰ ਰਿਕਾਰਡ ਬਹੁਮਤ ਨਾਲ 93 ਸੀਟਾਂ ਜਿਤਾ ਕੇ ਸੱਤਾ ’ਚ ਲਿਆਂਦਾ ਜਿਸ ਵਿਚ 75 ਸੀਟਾਂ ਸ਼੍ਰੋਮਣੀ ਅਕਾਲੀ ਦਲ ਅਤੇ 18 ਭਾਰਤੀ ਜਨਤਾ ਪਾਰਟੀ ਨੇ ਹਾਸਲ ਕੀਤੀਆਂ।

ਅਕਾਲੀ ਦਲ ਨੇ ਭਾਰਤੀ ਜਨਤਾ ਪਾਰਟੀ ਨਾਲ ਭਾਈਵਾਲ ਸਰਕਾਰ ਦੀ ਪਹਿਲੀ ਹੀ ਕੈਬਨਿਟ ਮੀਟਿੰਗ ਵਿਚ ਪੰਜ ਏਕੜ ਤੱਕ ਦੀਆਂ ਜ਼ਮੀਨਾਂ ਦੇ ਮਾਲਕਾਂ ’ਤੇ ਲੱਗੇ ਲਗਾਨ ਨੂੰ ਮਾਫ਼ ਕਰ ਕੇ ਅਤੇ ਕਿਸਾਨਾਂ ਨੂੰ ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਦੇਣ ਦਾ ਫ਼ੈਸਲਾ ਕਰ ਕੇ ਕਿਸਾਨਾਂ ਦੇ ਦਿਲ ਜਿੱਤ ਲਏ। ਇਸ ਸਰਕਾਰ ਦੌਰਾਨ ਖ਼ਾਲਸਾ ਪੰਥ ਦੇ 300 ਸਾਲਾ ਸਾਜਨਾ ਦਿਵਸ ਦੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੌਮਾਂਤਰੀ ਪੱਧਰ ਦੇ ਹੋਏ ਸਮਾਗਮ ਇਤਿਹਾਸ ਦਾ ਹਿੱਸਾ ਹੋ ਨਿੱਬੜੇ ਜਿਸ ਦੌਰਾਨ ਕੇਂਦਰ ਵਿਚ ਆਪਣੀ ਭਾਈਵਾਲ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਤੋਂ ਅਕਾਲੀ ਦਲ ਨੇ ਬਹੁ-ਕਰੋੜੀ ਪ੍ਰਾਜੈਕਟ ਖ਼ਾਲਸਾ ਪੰਥ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਲਈ ਲਿਆਂਦੇ।

ਸੰਨ 2007 ਅਤੇ 2012 ’ਚ ਲਗਾਤਾਰ ਦੋ ਵਾਰ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਦੇ ਗੱਠਜੋੜ ਨਾਲ ਪੰਜਾਬ ਦੀ ਸੱਤਾ ’ਚ ਆਇਆ ਜਿਸ ਦੌਰਾਨ ਪੰਜਾਬ ਅੰਦਰ ਸੜਕਾਂ, ਪੁਲਾਂ ਅਤੇ ਹੋਰ ਬੁਨਿਆਦੀ ਢਾਂਚੇ ਨਾਲ ਸਬੰਧਤ ਤੇ ਹੋਰ ਬੇਤਹਾਸ਼ਾ ਵਿਕਾਸ ਹੋਇਆ। ਸ਼੍ਰੋਮਣੀ ਅਕਾਲੀ ਦਲ ਨੂੰ ਲਗਾਤਾਰ ਦਸ ਸਾਲ ਸੱਤਾ ’ਚ ਰਹਿਣ ਕਾਰਨ ਸੱਤਾ ਵਿਰੋਧੀ ਰੁਝਾਨ, ਆਪਣੀ ਬੁਨਿਆਦੀ ਸਿਧਾਂਤਕ ਵਿਚਾਰਧਾਰਾ ਅਤੇ ਧਰਮ ਨਿਰਪੱਖਤਾ ਦੇ ਏਜੰਡੇ ਵਿਚ ਤਵਾਜ਼ਨ ਬਣਾਉਣ ’ਚ ਅਸਮਰੱਥ ਰਹਿਣ ਸਦਕਾ 2017 ਅਤੇ 2022 ਦੀਆਂ ਚੋਣਾਂ ’ਚ ਹਾਰ ਦਾ ਮੂੰਹ ਵੇਖਣਾ ਪਿਆ।

ਬੇਸ਼ੱਕ ਪਿਛਲੀਆਂ ਦੋ ਸੂਬਾਈ ਚੋਣਾਂ ’ਚ ਅਕਾਲੀ ਦਲ ਦੇ ਮਾੜੇ ਪ੍ਰਦਰਸ਼ਨ ਅਤੇ ਸੱਤਾ ’ਚੋਂ ਬਾਹਰ ਰਹਿਣ ਲਈ ਪਾਰਟੀ ਦੀ ਲੀਡਰਸ਼ਿਪ ਦੀਆਂ ਗ਼ਲਤੀਆਂ ਵੀ ਜ਼ਿੰਮੇਵਾਰ ਹਨ ਪਰ ਇਸ ਪਿੱਛੇ ਸਿੱਖਾਂ ਦੀ ਰਾਜਸੀ ਸ਼ਕਤੀ ਨੂੰ ਖੀਣ ਕਰਨ ਦੀਆਂ ਸੂਖਮ ਨੀਤੀਆਂ ਤਹਿਤ ਸਿਰਜੇ ਗਏ ਬਿਰਤਾਂਤ ਵੀ ਅਜਿਹਾ ਮਾਹੌਲ ਬਣਾਉਣ ’ਚ ਕਾਮਯਾਬ ਰਹੇ, ਜਿਸ ਨਾਲ ਅਕਾਲੀ ਦਲ ਨੂੰ ਪੰਥ ਦੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪਿਆ। ਆਪਣੀ ਸਰਕਾਰ ਦੌਰਾਨ ਬੇਅਦਬੀ ਦੀਆਂ ਘਟਨਾਵਾਂ ਨਾਲ ਨਜਿੱਠਣ ’ਚ ਅਸਫਲਤਾ ਅਤੇ ਹੋਰ ਧਾਰਮਿਕ ਭੁੱਲਾਂ ਲਈ 2 ਦਸੰਬਰ 2024 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਪੇਸ਼ ਹੋ ਕੇ ਭੁੱਲ ਬਖ਼ਸ਼ਾਉਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਆਪਣੀ ਲੀਡਰਸ਼ਿਪ ਦੀ ਬੇਇਤਫ਼ਾਕੀ ਅਤੇ ਧੜੇਬੰਦੀ ਵਿੱਚੋਂ ਉੱਭਰ ਨਹੀਂ ਸਕਿਆ।

ਜੋ ਵੀ ਹੋਵੇ, ਸਿੱਖਾਂ ਤੇ ਪੰਜਾਬ ਦੇ ਸਰਬਪੱਖੀ ਹਿੱਤਾਂ ਦੀ ਦੇਸ਼ ਅੰਦਰ ਸੁਰੱਖਿਆ ਅਤੇ ਪ੍ਰਤੀਨਿਧਤਾ ਲਈ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਗੀ ਬਹੁਤ ਜ਼ਰੂਰੀ ਹੈ। ਦੇਸ਼ ਦੀ ਖੇਤਰੀ, ਭਾਸ਼ਾਈ, ਸੱਭਿਆਚਾਰਕ ਅਤੇ ਧਾਰਮਿਕ ਵੰਨ-ਸੁਵੰਨਤਾ ਅਤੇ ਸੂਬਿਆਂ ਦੇ ਰਾਜਸੀ ਅਧਿਕਾਰਾਂ ਦੀ ਰਖਵਾਲੀ ਲਈ ਵੀ ਖੇਤਰੀ ਰਾਜਨੀਤੀ ਨੂੰ ਉਭਾਰਨ ਦੀ ਇਸ ਵੇਲੇ ਬੇਹੱਦ ਲੋੜ ਹੈ। ਇਸ ਪ੍ਰਸੰਗ ’ਚ ਸ਼੍ਰੋਮਣੀ ਅਕਾਲੀ ਦਲ ਹੀ ਇੱਕੋ-ਇੱਕ ਪਾਰਟੀ ਹੈ, ਜੋ ਆਪਣੇ ਸ਼ਾਨਾਂਮੱਤੇ ਇਤਿਹਾਸ, ਵਿਚਾਰਧਾਰਾ ਤੇ ਪਰੰਪਰਾ ਤੋਂ ਸੇਧ ਲੈ ਕੇ ਅਗਵਾਈ ਕਰ ਸਕਦਾ ਹੈ।

**ਤਲਵਿੰਦਰ ਸਿੰਘ ਬੁੱਟਰ**

# ਪੰਜਾਬੀਆਂ ਦੀ ਵਿਦੇਸ਼ਾਂ ਪ੍ਰਤੀ ਲਾਲਸਾ

ਪਿਛਲੇ ਦਿਨੀਂ ਕੈਨੇਡਾ ਨੇ ਭਾਰਤ ਵਿੱਚੋਂ ਪ੍ਰਾਪਤ ਹੋਈਆਂ ਕੁੱਲ ਵੀਜ਼ਾ ਅਰਜ਼ੀਆਂ ਵਿੱਚੋਂ 74 ਫ਼ੀਸਦੀ ਰੱਦ ਕਰ ਦਿੱਤੀਆਂ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਅਰਜ਼ੀਆਂ ਵਿਦਿਆਰਥੀਆਂ ਦੀਆਂ ਸਨ ਜੋ ਕੈਨੇਡਾ ਵਿਚ ਪੜ੍ਹਨ ਜਾਣਾ ਚਾਹੁੰਦੇ ਸਨ ਅਤੇ ਅਗਲੀ ਜ਼ਿੰਦਗੀ ਉੱਥੇ ਹੀ ਬਿਤਾਉਣ ਦੇ ਸੁਪਨੇ ਵੇਖ ਰਹੇ ਸਨ। ਪੰਜਾਬ ਦੇ ਲੋਕਾਂ, ਖ਼ਾਸ ਤੌਰ ’ਤੇ ਨੌਜਵਾਨਾਂ ਦੇ ਦਿਲਾਂ ਵਿਚ ਵਿਦੇਸ਼ਾਂ ਵਿਚ ਜਾ ਕੇ ਕੰਮ ਕਰਨ ਦੀ ਲਾਲਸਾ ਹਮੇਸ਼ਾ ਉੱਸਲਵੱਟੇ ਲੈਂਦੀ ਰਹਿੰਦੀ ਹੈ ਅਤੇ ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਉਹ ਆਪਣਾ ਸਭ ਕੁਝ ਦਾਅ ’ਤੇ ਲਾ ਕੇ ਵਿਦੇਸ਼ ਜਾਣ ਦਾ ਕੋਈ ਵੀ ਢੰਗ-ਤਰੀਕਾ ਅਪਣਾਉਣ ਲਈ ਤਿਆਰ ਰਹਿੰਦੇ ਹਨ, ਭਾਵੇਂ ਉਹ ਕਾਨੂੰਨੀ ਹੋਵੇ ਜਾਂ ਗ਼ੈਰ-ਕਾਨੂੰਨੀ, ਸੁਰੱਖਿਅਤ ਹੋਵੇ ਜਾਂ ਜੋਖ਼ਮ ਭਰਿਆ।

ਕੈਨੇਡਾ ਨੇ ਬਹੁਤੇ ਨੌਜਵਾਨਾਂ ਦਾ ਸੁਪਨਾ ਤੋੜ ਦਿੱਤਾ ਹੈ ਅਤੇ ਅਮਰੀਕਾ ਪਹਿਲਾਂ ਹੀ ਪਰਵਾਸੀਆਂ ਦੇ ਮਗਰ ਪਿਆ ਹੋਇਆ ਹੈ। ਯੂਰਪੀ ਦੇਸ਼ਾਂ ਤੇ ਇੰਗਲੈਂਡ ਵਿਚ ਪਰਵਾਸ ਪਹਿਲਾਂ ਤੋਂ ਹੀ ਔਖਾ ਹੈ। ਆਸਟ੍ਰੇਲੀਆ ਤੇ ਨਿਊਜ਼ੀਲੈਂਡ ਵਰਗੇ ਮੁਲਕਾਂ ਨੇ ਪਰਵਾਸੀਆਂ ਖ਼ਾਸ ਤੌਰ ’ਤੇ ਵਿਦਿਆਰਥੀਆਂ ਲਈ ਆਪਣੇ ਬੂਹੇ ਭੀੜੇ ਕਰ ਰੱਖੇ ਹਨ। ਬਿਹਤਰ ਭਵਿੱਖ ਦੀ ਆਸ ਰੱਖੀ ਬੈਠੇ ਨੌਜਵਾਨਾਂ ਲਈ ਪਰਵਾਸ ਕਰਨ ਲਈ ਇਹ ਦੌਰ ਕੋਈ ਬਹੁਤਾ ਵਧੀਆ ਨਹੀਂ ਹੈ। ਵਿਦੇਸ਼ ਜਾਣ ਦੀ ਲਾਲਸਾ ਕਾਰਨ ਕਈ ਲੋਕ ਫ਼ਰਜ਼ੀ ਏਜੰਟਾਂ ਦੇ ਹੱਥੀਂ ਚੜ੍ਹ ਕੇ ਆਪਣੇ ਪੈਸੇ, ਜ਼ਮੀਨਾਂ ਅਤੇ ਭਵਿੱਖ ਖ਼ਰਾਬ ਕਰ ਲੈਂਦੇ ਹਨ। ਕਈਆਂ ਦੀ ਤਾਂ ਜ਼ਿੰਦਗੀ ਵੀ ਦਾਅ ਉੱਤੇ ਲੱਗ ਜਾਂਦੀ ਹੈ। ਇਹ ਨਕਲੀ ਏਜੰਟ ਲੋਕਾਂ ਤੋਂ ਪੈਸੇ ਲੈ ਕੇ ਉਨ੍ਹਾਂ ਨੂੰ ਗ਼ਲਤ ਤਰੀਕੇ ਨਾਲ ਬਾਹਰ ਲੈ ਕੇ ਜਾਣ ਦਾ ਲਾਲਚ ਦੇ ਕੇ ਜੰਗਲਾਂ ਵਿਚ ਛੱਡ ਦਿੰਦੇ ਹਨ ਅਤੇ ਅਜਿਹੀਆਂ ਬਹੁਤ ਸਾਰੀਆਂ ਸੱਚੀਆਂ ਕਹਾਣੀਆਂ ਦੇ ਅਸੀਂ ਗਵਾਹ ਵੀ ਬਣਦੇ ਹਾਂ। ਇਸ ਮੁੱਦੇ ਉੱਤੇ ਕਈ ਦਸਤਾਵੇਜ਼ੀ ਅਤੇ ਫੀਚਰ ਫਿਲਮਾਂ ਵੀ ਬਣ ਚੁੱਕੀਆਂ ਹਨ। ਪੰਜਾਬੀਆਂ ਵਿਚ ਪਰਵਾਸ ਦੀ ਇੱਛਾ ਹਮੇਸ਼ਾ ਤੋਂ ਹੀ ਪ੍ਰਬਲ ਰਹੀ ਹੈ। ਕੋਈ ਸਮਾਂ ਸੀ ਜਦੋਂ ਪੰਜਾਬ ਦੇ ਛੋਟੇ ਕਸਬਿਆਂ ਵਿਚ ਵੀ ਵਿਦੇਸ਼ ਭੇਜਣ ਵਾਲੇ ਏਜੰਟਾਂ ਦੀਆਂ ਦੁਕਾਨਾਂ ਦੀ ਗਿਣਤੀ ਬਹੁਤ ਹੁੰਦੀ ਸੀ। ਫ਼ਰਜ਼ੀ ਵਿਆਹਾਂ ਰਾਹੀਂ ਵੀ ਬਹੁਤ ਸਾਰੇ ਲੋਕ ਵਿਦੇਸ਼ ਪੁੱਜ ਗਏ ਸਨ। ਹੁਣ ਸਮਾਂ ਹੋਰ ਤਰ੍ਹਾਂ ਦਾ ਹੈ। ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਪਹੁੰਚਣ ਵਾਲੇ ਲੋਕਾਂ ਦੀ ਗਿਣਤੀ ਹੁਣ ਜ਼ਿਆਦਾ ਹੈ ਪਰ ਹਾਲੇ ਵੀ ਅਜਿਹੇ ਬਹੁਤ ਲੋਕ ਹਨ ਜੋ ਗ਼ੈਰ-ਕਾਨੂੰਨੀ ਤਰੀਕਿਆਂ ਰਾਹੀਂ ਬਾਹਰ ਪਹੁੰਚਣ ਲਈ ਲੱਖਾਂ ਰੁਪਏ ਚੁੱਕੀ ਫਿਰਦੇ ਹਨ। ਹਾਲਾਂਕਿ ਇਹ ਵਰਤਾਰਾ ਸਮਾਜਿਕ, ਆਰਥਿਕ ਅਤੇ ਮਾਨਸਿਕ ਪੱਧਰ ਉੱਤੇ ਵਿਸ਼ਲੇਸ਼ਣ ਦੀ ਮੰਗ ਕਰਦਾ ਹੈ ਪਰ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਹਾਲੇ ਵੀ ਕਈ ਮੁੰਡੇ-ਕੁੜੀਆਂ ਵਿਦੇਸ਼ ’ਚ ਸੈੱਟ ਹੋਣਾ ਚਾਹੁੰਦੇ ਹਨ।

ਵਿਦੇਸ਼ ’ਚ ਸੈੱਟ ਹੋਣ ਦਾ ਮੁੱਖ ਕਾਰਨ ਆਰਥਿਕਤਾ ਹੈ। ਚੰਗਾ ਭਵਿੱਖ ਅਤੇ ਪੈਸਾ ਕਮਾਉਣਾ ਵਿਦੇਸ਼ ਵਸਣ ਦੇ ਕਾਰਨਾਂ ਵਿਚ ਪ੍ਰਮੁੱਖ ਹੈ। ਇਸ ਪੱਖੋਂ ਇਸ ਗੱਲ ਦਾ ਵਿਸ਼ੇਸ਼ ਜ਼ਿਕਰ ਕਰਨਾ ਬਣਦਾ ਹੈ ਕਿ ਜਿਨ੍ਹਾਂ ਮੁੰਡੇ-ਕੁੜੀਆਂ ਨੂੰ ਮੌਜੂਦਾ ਸਮੇਂ ਵਿਚ ਪੰਜਾਬ ’ਚ ਹੀ ਨੌਕਰੀਆਂ ਮਿਲ ਗਈਆਂ ਜਾਂ ਮਿਲ ਰਹੀਆਂ ਹਨ, ਖ਼ਾਸ ਤੌਰ ’ਤੇ ਸਰਕਾਰੀ ਨੌਕਰੀਆਂ, ਉਨ੍ਹਾਂ ਨੇ ਵਿਦੇਸ਼ ਜਾਣ ਦਾ ਸੁਪਨਾ ਤਿਆਗ ਦਿੱਤਾ ਹੈ। ਕਈ ਮੁੰਡੇ-ਕੁੜੀਆਂ ਨੇ ਤਾਂ ਵਿਦੇਸ਼ ਤੋਂ ਆ ਕੇ ਸਰਕਾਰੀ ਨੌਕਰੀਆਂ ਜੁਆਇਨ ਕੀਤੀਆਂ ਹਨ। ਇਸ ਵਰਤਾਰੇ ਦੀ ਸ਼ਲਾਘਾ ਕਰਨੀ ਬਣਦੀ ਹੈ।

ਇਕ ਹੋਰ ਮੁੱਦਾ ਅਹਿਮ ਹੈ। ਵਿਦੇਸ਼ ਭੇਜਣ ਵਾਲੇ ਏਜੰਟਾਂ ਦਾ ਦਸਤਾਵੇਜ਼ੀਕਰਨ ਬਹੁਤ ਜ਼ਰੂਰੀ ਹੈ। ਸਰਕਾਰ ਵੱਲੋਂ ਇਨ੍ਹਾਂ ਦੀ ਰਜਿਸਟ੍ਰੇਸ਼ਨ ਅਤੇ ਖ਼ਾਸ ਨੰਬਰ ਜਾਰੀ ਕਰ ਕੇ ਇਨ੍ਹਾਂ ਨੂੰ ਵੱਡੇ ਅੱਖਰਾਂ ਵਿਚ ਦੁਕਾਨ ਦੇ ਬਾਹਰ ਲਗਾਇਆ ਜਾਣਾ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ। ਆਮ ਲੋਕਾਂ ਨੂੰ ਤਾਂ ਇਹੀ ਪਤਾ ਨਹੀਂ ਲੱਗਦਾ ਕਿ ਕੌਣ ਸਹੀ ਹੈ ਅਤੇ ਕੌਣ ਗ਼ਲਤ! ਵੈਸੇ, ਕੁਝ ਏਜੰਟ ਜਾਂ ਏਜੰਸੀਆਂ ਤਾਂ ਕਿਸੇ ਹੱਦ ਤੱਕ ਇਮਾਨਦਾਰੀ ਨਾਲ ਕੰਮ ਕਰਦੀਆਂ ਹਨ ਤੇ ਸਰਕਾਰ ਤੋਂ ਲਾਇਸੈਂਸ-ਪ੍ਰਾਪਤ ਕੀਤੇ ਹੋਏ ਹਨ ਪਰ ਬਹੁਤੇ ਇਸ ਦੀ ਆੜ ਵਿਚ ਠੱਗੀ ਮਾਰ ਜਾਂਦੇ ਹਨ।

ਇਕ ਸਮਾਂ ਸੀ ਜਦੋਂ ਪਿੰਡਾਂ ਦੇ ਪਿੰਡ ਜਵਾਨ ਮੁੰਡਿਆਂ ਤੋਂ ਸੱਖਣੇ ਹੋ ਗਏ ਸਨ। ਲੋਕ ਵਿਦੇਸ਼ ਜਾ ਵਸੇ ਸਨ, ਖ਼ਾਸ ਤੌਰ ’ਤੇ ਦੁਆਬਾ ਇਲਾਕਾ। ਪਿੱਛੇ ਜਾਂ ਤਾਂ ਘਰਾਂ ਨੂੰ ਤਾਲੇ ਲੱਗ ਗਏ ਸਨ ਜਾਂ ਬੁੱਢੇ ਮਾਂ-ਬਾਪ ਹੀ ਰਹਿ ਗਏ ਸਨ। ਸਾਡੇ ਪਿੰਡ ਲਹਿਲ ਦੇ ਨਜ਼ਦੀਕ ਵੀ ਕਈ ਪਿੰਡਾਂ ਦੇ ਘਰ ਮੈਂ ਅੱਖੀਂ ਖੰਡਰ ਬਣ ਗਏ ਵੇਖੇ ਹਨ। ਹਾਲਾਂਕਿ ਬਾਹਰ ਵਸੇ ਲੋਕਾਂ ਦਾ ਆਪਣੇ ਪਿੰਡਾਂ ਨਾਲ ਮੋਹ ਕੌਣ ਤੋੜ ਸਕਦਾ ਹੈ? ਹੱਡ ਭੰਨਵੀਆਂ ਕਮਾਈਆਂ ਨਾਲ ਇਨ੍ਹਾਂ ਲੋਕਾਂ ਨੇ ਆਪਣੇ ਪਿੰਡਾਂ ਵਿਚ ਵੱਡੀਆਂ-ਵੱਡੀਆਂ ਕੋਠੀਆਂ ਵੀ ਪਾਈਆਂ ਪਰ ਉੱਥੇ ਰਹਿਣ ਦਾ ਸਬੱਬ ਨਹੀਂ ਬਣਿਆ। ਅਜਿਹੇ ਕਾਫ਼ੀ ਮਕਾਨ ਖੰਡਰ ਬਣ ਕੇ ਰਹਿ ਜਾਂਦੇ ਸਨ ਪਰ ਇਨ੍ਹਾਂ ਵੱਡੀਆਂ-ਵੱਡੀਆਂ ਕੋਠੀਆਂ ਨੂੰ ਵੇਖ ਕੇ ਨਵੀਂ ਉਮਰ ਦੇ ਮੁੰਡੇ ਜ਼ਰੂਰ ਵਿਦੇਸ਼ ਜਾਣ ਦੀ ਲਾਲਸਾ ਪਾਲ ਬੈਠਦੇ ਹਨ। ਜ਼ਿਆਦਾਤਰ ਇਹੀ ਲੋਕ ਗ਼ਲਤ ਏਜੰਟਾਂ ਦੇ ਧੱਕੇ ਚੜ੍ਹਦੇ ਹਨ। ਹਰ ਰੋਜ਼ ਅਖ਼ਬਾਰਾਂ ਵਿਚ ਅਜਿਹੇ ਨੌਜਵਾਨਾਂ ਦੀ ਖੱਜਲ-ਖੁਆਰੀ ਦੀਆਂ ਖ਼ਬਰਾਂ ਪੜ੍ਹ ਕੇ, ਉਨ੍ਹਾਂ ਦਾ ਹਸ਼ਰ ਦੇਖ ਕੇ ਅਤੇ ਪਿੱਛੇ ਰਹਿ ਗਏ ਉਨ੍ਹਾਂ ਦੇ ਕਰਜ਼ਾਈ ਮਾਪਿਆਂ ਦੀ ਮਜਬੂਰੀ ਵੇਖ ਕੇ ਮਨ ਦੁਖੀ ਹੁੰਦਾ ਹੈ। ਹੈਰਾਨੀ ਤਾਂ ਇਹ ਹੈ ਕਿ ਉਨ੍ਹਾਂ ਦੇ ਕਰਜ਼ਾਈ ਹੋ ਚੁੱਕੇ ਮਾਪਿਆਂ ਦੀ ਮਾਨਸਿਕ ਪੀੜਾ ਬਾਰੇ ਪੜ੍ਹ ਕੇ ਵੀ ਨੌਜਵਾਨਾਂ ਵਿਚ ਵਿਦੇਸ਼ ਜਾਣ ਦੀ ਲਲਕ ਮੱਠੀ ਨਹੀਂ ਹੁੰਦੀ। ਪਤਾ ਨਹੀਂ ਕਦੋਂ ਇਹ ਵਰਤਾਰਾ ਰੁਕੇਗਾ!

ਪਿਛਲੇ ਸਮੇਂ ਵਿਚ ਵਿਦੇਸ਼ ਜਾਣ ਲਈ ਕੀਤੇ ਵਿਆਹਾਂ ਵਿਚ ਧੋਖਿਆਂ ਦੇ ਮਾਮਲੇ ਵੀ ਵੇਖਣ ਨੂੰ ਮਿਲੇ ਹਨ। ਮੁੰਡੇ ਵਾਲੇ ਕੁੜੀ ਉੱਤੇ ਪੈਸਾ ਖ਼ਰਚ ਦਿੰਦੇ ਹਨ ਅਤੇ ਇਸ ਆਸ ਨਾਲ ਉਸ ਨੂੰ ਵਿਦੇਸ਼ ਭੇਜ ਦਿੰਦੇ ਹਨ ਕਿ ਉੱਥੇ ਪੱਕੀ ਹੋ ਕੇ ਉਹ ਉਨ੍ਹਾਂ ਦੇ ਮੁੰਡੇ ਨੂੰ ਵੀ ਬੁਲਾ ਲਵੇਗੀ ਪਰ ਕੁੜੀ ਮੁੱਕਰ ਜਾਂਦੀ ਹੈ ਅਤੇ ਮੁੰਡੇ ਵਾਲਿਆਂ ਕੋਲ ਰੋਣ-ਧੋਣ ਤੋਂ ਇਲਾਵਾ ਕੁਝ ਨਹੀਂ ਬਚਦਾ। ਕਮਾਲ ਦੀ ਗੱਲ ਤਾਂ ਇਹ ਹੈ ਕਿ ਵਿਦੇਸ਼ ਜਾਣ ਲਈ ਲੋਕਾਂ ਨੇ ਕੀ-ਕੀ ਢੰਗ ਲੱਭ ਲਏ ਹਨ। ਇਸ ਤੋਂ ਪਹਿਲਾਂ ਨਕਲੀ ਵਿਆਹਾਂ ਦੀ ਵੀ ਪੰਜਾਬ ਵਿਚ ਖ਼ੂਬ ਚਰਚਾ ਰਹੀ ਹੈ ਜਾਂ ਕਈ ਵਿਦੇਸ਼ੀ ਲਾੜੇ ਇੱਧਰ ਵਿਆਹ ਕਰਾ ਕੇ ਨਾ ਤਾਂ ਮੁੜ ਪੰਜਾਬ ਆਏ ਤੇ ਨਾ ਉਨ੍ਹਾਂ ਨੇ ਕੁੜੀਆਂ ਸੱਦੀਆਂ। ਖ਼ੈਰ, ਇਹ ਵੱਖਰੇ ਮਸਲੇ ਹਨ ਪਰ ਜੁੜੇ ਪਰਵਾਸ ਨਾਲ ਹੀ ਹੋਏ ਹਨ। ਵਿਦੇਸ਼ ਜਾਣ ਦੀ ਲਾਲਸਾ ਨੇ ਪੰਜਾਬੀਆਂ ਦੀ ਚਰਚਾ ਵਿਸ਼ਵ ਪੱਧਰ ’ਤੇ ਕਰਵਾਈ ਹੈ। ਅਖ਼ੀਰ ’ਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਨੌਜਵਾਨ ਵਰਗ ਦੀ ਵਿਦੇਸ਼ ਵੱਲ ਦੌੜ ਨੂੰ ਰੋਕਣ ਲਈ ਸਾਨੂੰ ਆਪਣੇ ਦੇਸ਼ ਵਿਚ ਖੇਤੀ, ਸਨਅਤ, ਵਪਾਰ ਅਤੇ ਨੌਕਰੀਆਂ ਦੇ ਖੇਤਰਾਂ ਦਾ ਸਾਵਾਂ ਵਿਕਾਸ ਕਰਨਾ ਜ਼ਰੂਰੀ ਹੈ। ਸਭਨਾਂ ਲਈ ਰੁਜ਼ਗਾਰ ਦੇ ਮੌਕੇ ਵਧਾਉਣੇ ਚਾਹੀਦੇ ਹਨ।

ਬੇਮਤਲਬ ਅਤੇ ਫਾਲਤੂ ਖ਼ਰਚਿਆਂ ਲਈ ਸਮਾਜਿਕ ਜਾਗਰੂਕਤਾ ਜ਼ਰੂਰੀ ਹੈ। ਬੱਚਤ ਦੀਆਂ ਆਦਤਾਂ ਬਚਪਨ ਤੋਂ ਹੀ ਪੈਦਾ ਕੀਤੀਆਂ ਜਾਣ। ਵਿਦੇਸ਼ ਜਾਣ ਦੀ ਮਜਬੂਰੀ ਨਾ ਹੋਵੇ, ਵਿਕਲਪ ਹੋਵੇ। ਕੌਣ ਚਾਹੁੰਦਾ ਹੈ ਕਿ ਉਹ ਆਪਣਾ ਘਰ, ਪਰਿਵਾਰ ਅਤੇ ਮਾਂ-ਪਿਓ ਨੂੰ ਛੱਡ ਕੇ ਬੇਗਾਨੀ ਧਰਤੀ ਉੱਤੇ ਜਾਵੇ? ਸਾਰੇ ਆਪਣੀ ਜਨਮ ਭੂਮੀ ’ਤੇ ਰਹਿ ਕੇ ਆਪਣਾ ਜੀਵਨ ਖ਼ੁਸ਼ਹਾਲੀ ਨਾਲ ਬਤੀਤ ਕਰਨ। ਅਸਲ ਤਰੱਕੀ ਤਾਂ ਇਹੀ ਹੁੰਦੀ ਹੈ!




## ਡੰਕੀ ਰੂਟ ਰਾਹੀਂ ਅਮਰੀਕਾ ਭੇਜਣ ਵਾਲੇ ਏਜੰਟਾਂ ਦੀ ਸੰਪਤੀ ਕੁਰਕ

ਡੰਕੀ ਰੂਟ ਰਾਹੀਂ ਭਾਰਤੀਆਂ ਨੂੰ ਅਮਰੀਕਾ ਭੇਜਣ ਦੇ ਮਾਮਲੇ ’ਚ ਪੰਜਾਬ ਅਧਾਰਿਤ ਕੁਝ ਏਜੰਟਾਂ ਦੀ ਪੰਜ ਕਰੋੜ ਰੁਪਏ ਤੋਂ ਵੱਧ ਦੀ ਸੰਪਤੀ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਤਹਿਤ ਕੁਰਕ ਕੀਤੀ ਗਈ ਹੈ। ਅਮਰੀਕਾ ਤੋਂ ਫਰਵਰੀ ’ਚ ਫ਼ੌਜ ਦੇ ਢੋਆ-ਢੁਆਈ ਵਾਲੇ ਜਹਾਜ਼ਾਂ ’ਚ ਭੇਜੇ ਗਏ 330 ਭਾਰਤੀ ਨਾਗਰਿਕਾਂ ਨਾਲ ਜੁੜੇ ਮਾਮਲੇ ’ਚ ਪੰਜਾਬ ਅਤੇ ਹਰਿਆਣਾ ਪੁਲੀਸ ਵੱਲੋਂ ਦਰਜ ਐੱਫ ਆਈ ਆਰ ’ਤੇ ਇਹ ਜਾਂਚ ਅਧਾਰਿਤ ਹੈ। ਇਹ ਲੋਕ ਅਮਰੀਕਾ ’ਚ ਗ਼ੈਰਕਾਨੂੰਨੀ ਢੰਗ ਨਾਲ ਰਹਿੰਦੇ ਮਿਲੇ ਸਨ। ਐਨਫੋਰਸਮੈਂਟ ਡਾਇਰੈਕਟੋਰੇਟ



(ਈ ਡੀ) ਨੇ ਕਿਹਾ ਕਿ ਏਜੰਟਾਂ ਸ਼ੁਭਮ ਸ਼ਰਮਾ, ਜਗਜੀਤ ਸਿੰਘ, ਸੁਰਮੁਖ ਸਿੰਘ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਬੈਂਕ ਖਾਤਿਆਂ, ਖੇਤਾਂ, ਰਿਹਾਇਸ਼ੀ ਅਤੇ ਕਾਰੋਬਾਰੀ ਟਿਕਾਣਿਆਂ ਨੂੰ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਆਰਜ਼ੀ ਤੌਰ ’ਤੇ ਕੁਰਕ ਕੀਤਾ ਗਿਆ ਹੈ। ਏਜੰਸੀ ਨੇ ਇਕ ਬਿਆਨ ’ਚ ਕਿਹਾ ਕਿ ਕੁਰਕ ਕੀਤੀ ਗਈ ਸੰਪਤੀ ਦੀ ਕੁੱਲ ਕੀਮਤ 5.41 ਕਰੋੜ ਰੁਪਏ ਹੈ।

ਈ ਡੀ ਨੇ ਏਜੰਟਾਂ ਦੀ ਸਾਜ਼ਿਸ਼ ਦਾ ਪਰਦਾਫਾਸ਼ ਕਰਦਿਆਂ ਕਿਹਾ ਕਿ ਉਹ ਭੋਲੇ-ਭਾਲੇ ਲੋਕਾਂ ਨੂੰ ਅਮਰੀਕਾ ’ਚ ਕਾਨੂੰਨੀ ਢੰਗ ਨਾਲ ਭੇਜਣ ਦਾ ਝਾਂਸਾ ਦੇ ਕੇ ਉਨ੍ਹਾਂ ਤੋਂ ਮੋਟੀ ਰਕਮ ਵਸੂਲਦੇ ਸਨ। ਬਾਅਦ ’ਚ ਏਜੰਟ ਉਨ੍ਹਾਂ ਨੂੰ ਦੱਖਣ ਅਮਰੀਕੀ ਮੁਲਕਾਂ ਦੇ ਖ਼ਤਰਨਾਕ ਰੂਟਾਂ ਰਾਹੀਂ ਭੇਜਦੇ ਸਨ। ਕਈ ਵਾਰ ਲੋਕਾਂ ਨੂੰ ਮੈਕਸਿਕੋ ਸਰਹੱਦ ਤੋਂ ਅਮਰੀਕਾ ’ਚ ਗ਼ੈਰਕਾਨੂੰਨੀ ਢੰਗ ਨਾਲ ਦਾਖ਼ਲ ਕਰਵਾਇਆ ਗਿਆ। ਈ ਡੀ ਮੁਤਾਬਕ ਏਜੰਟ ਲੋਕਾਂ ਨੂੰ ਰਾਹ ’ਚ ਤਸੀਹੇ ਦਿੰਦੇ ਸਨ ਅਤੇ ਉਨ੍ਹਾਂ ਤੋਂ ਹੋਰ ਰਕਮ ਵੀ ਵਸੂਲਦੇ ਸਨ।

## ਮਾਨਸਾ ਦੇ ਨੌਜਵਾਨ ਦੀ ਕੈਨੇਡਾ ’ਚ ਗੋਲੀਆਂ ਮਾਰ ਕੇ ਹੱਤਿਆ



**ਬੁਢਲਾਡਾ**: ਮਾਨਸਾ ਜ਼ਿਲ੍ਹੇ ਦੇ ਪਿੰਡ ਉਡਤ ਸੈਦੇਵਾਲਾ ਦੇ ਨੌਜਵਾਨ ਰਣਵੀਰ ਸਿੰਘ (18) ਦੀ ਕੈਨੇਡਾ ਦੇ ਸ਼ਹਿਰ ਐਡਮਿੰਟਨ ’ਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਜਾਣਕਾਰੀ ਅਨੁਸਾਰ ਉਹ ਆਪਣੇ ਮਿੱਤਰਾਂ ਨਾਲ ਇਕ ਦੋਸਤ ਦੇ ਜਨਮ ਦਿਨ ਦੀ ਪਾਰਟੀ ਲਈ ਜਿਉਂ ਹੀ ਉਹ ਘਰੋਂ ਰਵਾਨਾ ਹੋਣ ਲੱਗਿਆ ਤਾਂ ਅਣਪਛਾਤਿਆਂ ਵਿਅਕਤੀਆਂ ਵਲੋਂ ਕੀਤੀ ਗਈ ਗੋਲੀਬਾਰੀ ’ਚ ਉਸ ਦੀ ਮੌਤ ਹੋ ਗਈ। ਜਦਕਿ ਕਾਰ ਚਲਾ ਰਹੇ ਉਸ ਦੇ ਸਾਥੀ ਦੀ ਸਦਮੇ ’ਚ ਮੌਤ ਗਈ। ਜਿਸ ਦੀ ਪਛਾਣ ਗੁਰਦੀਪ ਸਿੰਘ (27) ਵਾਸੀ ਬਰ੍ਹੇ ਵਜੋਂ ਹੋਈ ਹੈ ਝ ਇਹ ਦੋਵੇਂ ਨੌਜਵਾਨ ਉੱਚ ਸਿੱਖਿਆ ਹਾਸਲ ਕਰਨ ਲਈ ਵਿਦੇਸ਼ ਗਏ ਸਨ। ਪਰਿਵਾਰ ਨੂੰ ਘਟਨਾ ਦੀ ਸੂਚਨਾ ਉਨ੍ਹਾਂ ਦੇ ਸਾਥੀ ਅਰਸ਼ਦੀਪ ਸਿੰਘ ਨੇ ਦਿੱਤੀ। ਮ੍ਰਿਤਕ ਗੁਰਦੀਪ ਸਿੰਘ ਦੇ ਚਾਚਾ ਦਰਸ਼ਨ ਸਿੰਘ ਬਰ੍ਹੇ ਨੇ ਦੱਸਿਆ ਕਿ ਉਸ ਦਾ ਭਤੀਜਾ ਕਰੀਬ ਢਾਈ ਸਾਲ ਪਹਿਲਾਂ ਕੈਨੇਡਾ ਗਿਆ ਸੀ। ਉਸਦੀ ਪੜ੍ਹਾਈ ਪੂਰੀ ਹੋ ਚੁੱਕੀ ਸੀ। ਹੁਣ ਉਸ ਨੂੰ ਵਰਕ ਪਰਮਿਟ ਮਿਲਣ ਵਾਲਾ ਸੀ। ਉਸ ਦੀ ਪਤਨੀ ਛੋਟੇ ਬੱਚੇ ਸਮੇਤ ਪਿੰਡ ਰਹਿੰਦੀ ਹੈ ਝ ਪਰਿਵਾਰਕ ਮੈਂਬਰਾਂ ਨੇ ਪੰਜਾਬ ਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਕੈਨੇਡਾ ਸਰਕਾਰ ਨਾਲ ਰਾਬਤਾ ਕਾਇਮ ਕਰ ਕੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੇ ਨਾਲ ਹੀ ਮ੍ਰਿਤਕਾਂ ਦੀਆਂ ਦੇਹਾਂ ਨੂੰ ਵਤਨ ਪਹੁੰਚਾਉਣ ਲਈ ਸਹਿਯੋਗ ਕਰਨ।

## ਯਹੂਦੀ ਸਮਾਗਮ ’ਤੇ ਹਮਲਾ, 11 ਹਲਾਕ

ਆਸਟਰੇਲੀਆ ਦੇ ਸ਼ਹਿਰ ਸਿਡਨੀ ਦੇ ਮਸ਼ਹੂਰ ਬੌਂਡੀ ਬੀਚ ’ਤੇ ਐਤਵਾਰ ਨੂੰ ਦੋ ਬੰਦੂਕਧਾਰੀਆਂ ਨੇ ਯਹੂਦੀਆਂ ਦੇ ਇਕ ਪ੍ਰੋਗਰਾਮ ’ਚ ਸ਼ਾਮਲ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਗੋਲੀਆਂ ਚਲਾਈਆਂ ਜਿਸ ’ਚ 11 ਵਿਅਕਤੀ ਮਾਰੇ ਗਏ। ਆਸਟਰੇਲੀਆ ਦੇ ਅਧਿਕਾਰੀਆਂ ਨੇ ਇਸ ਨੂੰ ਅਤਿਵਾਦੀ ਹਮਲਾ ਕਰਾਰ ਦਿੱਤਾ ਹੈ। ਪੁਲੀਸ ਦੀ ਕਾਰਵਾਈ ’ਚ ਇਕ ਹਮਲਾਵਰ ਮਾਰਿਆ ਗਿਆ; ਦੂਜੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਨਿਊ ਸਾਊਥ ਵੇਲਜ਼ ਸੂਬੇ ਦੇ ਪੁਲੀਸ ਕਮਿਸ਼ਨਰ ਮੈਲ ਲੈਨਯੋਨ ਨੇ ਕਿਹਾ ਕਿ ਹਮਲੇ ’ਚ 29 ਵਿਅਕਤੀ ਜ਼ਖ਼ਮੀ ਹੋਏ ਹਨ। ਜ਼ਖ਼ਮੀਆਂ ’ਚ ਦੋ ਪੁਲੀਸ ਅਧਿਕਾਰੀ ਵੀ ਸ਼ਾਮਲ ਹਨ। ਪ੍ਰੋਗਰਾਮ ਨੂੰ ਨਿਸ਼ਾਨਾ ਬਣਾਉਣ ਅਤੇ ਘਾਤਕ ਹਥਿਆਰਾਂ ਦੀ ਵਰਤੋਂ ਕਾਰਨ ਕਤਲ ਕਾਂਡ ਨੂੰ ਦਹਿਸ਼ਤੀ ਹਮਲਾ ਐਲਾਨਿਆ ਗਿਆ ਹੈ। ਸੂਬੇ ਦੇ ਪ੍ਰੀਮੀਅਰ ਕ੍ਰਿਸ ਮਿਨਸ ਨੇ ਕਿਹਾ ਕਿ ਇਹ ਹਮਲਾ ਸਿਡਨੀ ਦੇ ਯਹੂਦੀ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਹੈ।

ਸੈਂਕੜੇ ਲੋਕ ਬੌਂਡੀ ਬੀਚ ’ਤੇ ‘ਸਮੁੰਦਰ ਨੇੜੇ ਚਾਨੂਕਾ’ ਪ੍ਰੋਗਰਾਮ ’ਚ ਹਿੱਸਾ ਲੈਣ ਲਈ ਇਕੱਠੇ ਹੋਏ ਸਨ ਜਿਸ ਨੂੰ ਯਹੂਦੀਆਂ ਦੇ ਹਾਨੂਕਾ ਤਿਉਹਾਰ ਦੀ ਸ਼ੁਰੂਆਤ ਮੰਨਿਆ ਜਾਂਦਾ ਹੈ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਨੇ ਹਮਲੇ ਦੀ ਨਿਖੇਧੀ ਕਰਦਿਆਂ ਇਸ ਬਹੁਤ ਹੀ ਦੁਖਦਾਈ ਦੱਸਿਆ ਹੈ। ਉਨ੍ਹਾਂ ਮ੍ਰਿਤਕਾਂ ਦੇ ਪਰਿਵਾਰਾਂ ਪ੍ਰਤੀ ਹਮਦਰਦੀ ਪ੍ਰਗਟ ਕੀਤੀ ਅਤੇ ਕਿਹਾ ਕਿ ਸਰਕਾਰ ਹਾਲਾਤ ’ਤੇ ਨਜ਼ਰ ਰੱਖ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਘਟਨਾ ਦੀ ਨਿਖੇਧੀ ਕੀਤੀ ਹੈ।


A CREATIVE DESIGN & PRINT SOURCE

ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ-ਸ਼ਾਦੀਆਂ ਦੇ ਕਾਰਡ

DESIGN 360
GRAPHICS & PROMOTIONS INC.
.... create a new

GRAPHIC DESIGNING

PRODUCT PHOTOGRAPHY

OFFSET / DIGITAL PRINTING

SIGNAGES DISPLAYS

CONTACT: AMANDEEP SINGH
604 590 0066 / 604 317 8750
#1 13415 76 AVE. SURREY

# ਬੋਲਾਂ ਨੂੰ ਕੁਬੋਲ ਬਣਨ ਤੋਂ ਕਿਵੇਂ ਬਚਾਈਏ



ਬੋਲੀ ਮਹਿਜ਼ ਅੱਖਰਾਂ ਦੇ ਜੋੜ ਵਾਲੇ ਮੂੰਹ ’ਚੋਂ ਨਿਕਲੇ ਬੋਲ ਹੀ ਨਹੀਂ ਹੁੰਦੇ ਸਗੋਂ ਇਹ ਆਪਣੇ ਆਪ ’ਚ ਉਸ ਸਥਾਨ ਦੀ ਲੋਕ ਧਾਰਾ, ਵਿਹਾਰ, ਸੱਭਿਆਚਾਰ ਜਾਂ ਕਹੀਏ ਪੂਰੀ ਜੀਵਨ-ਜਾਚ ਨੂੰ ਲਕੋਈ ਬੈਠੇ ਹੁੰਦੇ ਹਨ। ਇਸੇ ਕਰਕੇ ਤਾਂ ਬੋਲਣ ਤੋਂ ਪਹਿਲਾਂ ਸੌ ਵਾਰੀ ਸੋਚਣ ਬਾਰੇ ਕਿਹਾ ਗਿਆ ਹੈ। ਉਂਜ ਤਾਂ ਬਹੁਤੇ ਲੋਕ ਬੋਲਣ ਤੋਂ ਪਹਿਲਾਂ ਤੋਲਣ ਵਾਲਾ ਵਿਹਾਰ ਅਪਣਾਉਂਦੇ ਹੀ ਨਹੀਂ ਹਨ ਪ੍ਰੰਤੂ ਸਸਤੀ ਸ਼ੋਹਰਤ ਹਾਸਿਲ ਕਰਨ ਵਾਲੇ ਤਾਂ ਕੁਝ ਜ਼ਿਆਦਾ ਹੀ ਉਲਾਰ ਹੁੰਦੇ ਹਨ। ਸੋਸ਼ਲ ਮੀਡੀਆ ਦਾ ਯੁੱਗ ਹੋਣ ਕਰਕੇ ‘ਤੂੰ ਮੈਨੂੰ ਮੂੰਹੋਂ ਕੱਢ ਮੈਂ ਤੈਨੂੰ ਪਿੰਡੋਂ ਕਢਾਉਂਦੀ ਹਾਂ’ ਵਾਲਾ ਅਖਾਣ ਕੁਝ ਜ਼ਿਆਦਾ ਹੀ ਪ੍ਰਭਾਵੀ ਹੋ ਗਿਆ ਹੈ। ਵਿਸ਼ੇਸ਼ ਅਰਥ ਰੱਖਣ ਵਾਲੀ ਗੱਲ ਜਾਂ ਵਿਹਾਰ ਜੰਗਲ ਦੀ ਅੱਗ ਵਾਂਗ ਫੈਲ ਕੇ ਲੋਕਾਂ ਤਕ ਪੁੱਜ ਜਾਂਦੀ ਹੈ। ਇਹ ਵੇਖਣ ’ਚ ਆਇਆ ਹੈ ਕਿ ਮਿਲੀ ਹੋਈ ਤਾਕਤ ਬੰਦੇ ਨੂੰ ਇਕ ਨਸ਼ੇ ਜਿਹੇ ਵਿਚ ਲਈ ਫਿਰਦੀ ਹੈ ਤੇ ਉਹ ਆਪਣੇ ਹਰ ਸ਼ਬਦ ਨੂੰ ਹੀ ਲੋਕਾਂ ’ਚ ਹਰਮਨ ਪਿਆਰਾ ਮੰਨ ਕੇ ਬੋਲ ਦਿੰਦਾ ਹੈ। ਪਤਾ ਉਦੋਂ ਲੱਗਦਾ ਹੈ, ਜਦੋਂ ਬੋਲੇ ਗਏ ਕੁਬੋਲ ਬੰਦੇ ਨੂੰ ਮੂੰਹ ਵਿਖਾਉਣ ਜੋਗਾ ਨਹੀਂ ਛੱਡਦੇ। ਬੋਲਣ ਵਾਲਾ ਇਹ ਵਿਸਰ ਜਾਂਦਾ ਹੈ ਕਿ ਸ਼ਬਦਾਂ ਦੇ ਬਕਾਇਦਾ ਅਰਥ ਨਿਰਧਾਰਤ ਹੋਏ ਹੁੰਦੇ ਹਨ।

**ਮਾਨਸਿਕਤਾ ਦਾ ਧਿਆਨ:**

ਬੋਲਣ ਵਾਸਤੇ ਸੁਣਨ ਵਾਲੇ ਦੀ ਮਾਨਸਿਕਤਾ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਸਮਾਂ, ਸਥਾਨ ਤੇ ਮੌਕਾ ਬੋਲਣ ਵਾਸਤੇ ਕੁਝ ਜ਼ਿਆਦਾ ਹੀ ਮਹੱਤਵਪੂਰਨ ਹੁੰਦੇ ਹਨ। ਬੋਲਣ ਵਾਲੇ ਦੀਆਂ ਸਰੀਰਕ ਮੁਦਰਾਵਾਂ ਵੀ ਅਰਥਾਂ ਦੇ ਅਨਰਥ ਕਰਵਾ ਦਿੰਦੀਆਂ ਹਨ। ਬਹੁਤ ਸਾਰੇ ਬੋਲ ਆਪਣੇ ਵਿਚ ‘ਭਾਵਅਰਥ’ ਲਕੋਈ ਬੈਠੇ ਹੁੰਦੇ ਹਨ। ਵੇਖਣ ’ਚ ਆਉਂਦਾ ਹੈ ਕਿ ਲਿਖਣ ਵਾਲਾ ਇਕਹਿਰੇ ਕਾਮਿਆਂ ਵਿਚ ਸ਼ਬਦਾਂ ਨੂੰ ਰੱਖ ਕੇ ਵਿਸ਼ੇਸ਼ ਇਸ਼ਾਰਾ ਪ੍ਰਦਾਨ ਕਰਦਾ ਹੈ। ਕਵਿਤਾ ’ਚ ਵਰਤੇ ਗਏ ਆਲੰਕਾਰ ਤਾਂ ਸ਼ਬਦਾਂ ਦੇ ਅਰਥ ਅੰਤਾਂ ਦੇ ਗਹਿਰੇ ਕਰ ਦਿੰਦੇ ਹਨ। ‘ਚੰਡੀ ਦੀ ਵਾਰ’ ਵਿਚ ਜਦੋਂ ਚੰਡੀ ਤਲਵਾਰ ਨਾਲ ਕੀਤੇ ਗਏ ਵਾਰ ਨਾਲ ਸਿਰ ਤੋਂ ਚੱਲਦੀ ਹੋਈ ਤਲਵਾਰ ਜਦੋਂ ਘੋੜੇ ਨੂੰ ਚੀਰ ਕੇ ਧੌਲੇ ਬਲਦ ਦੇ ਸਿੰਗਾਂ ਨਾਲ ਜਾ ਟਕਰਾਉਣ ਵਾਲੀ ਟੂਕ ਆਉਂਦੀ ਹੈ ਤਾਂ ਇਹ ਵਿਸ਼ੇਸ਼ ਤਰ੍ਹਾਂ ਦਾ ਮਾਹੌਲ ਸਿਰਜ ਦਿੰਦੀ ਹੈ। ਕਈ ਵਾਰੀ ਸਮੇਂ ਦੇ ਵਹਾਅ ਵਿਚ ਵੀ ਸ਼ਬਦ ਆਪਣੇ ਅਰਥ ਪਾਣੀ ਦੇ ਵਹਿਣ ਵਾਂਗ ਬਦਲ ਲੈਂਦੇ ਹਨ।

**ਇਕ ਹੀ ਸ਼ਬਦ ਦੇ ਬਦਲ ਜਾਂਦੇ ਅਰਥ:**

ਇਕ ਹੀ ਭਾਸ਼ਾ ਦੀਆਂ ਉਪ-ਭਾਸ਼ਾਵਾਂ ਵਿਚ ਇਕ ਹੀ ਸ਼ਬਦ ਦੇ ਅਰਥ ਬਦਲ ਜਾਂਦੇ ਹਨ। ਮਲਵਈ ਉਪ-ਭਾਸ਼ਾ ਵਿਚ ‘ਹਵੇਲੀ’ ਦੇ ਹੋਰ ਅਰਥ ਹਨ, ਜਦੋਂਕਿ ਮਾਝੀ ਵਿਚ ਇਹ ਸ਼ਬਦ ਭਿੰਨ ਅਰਥ ਰੱਖਦਾ ਹੈ। ਕੁਝ ਸ਼ਬਦ ਬੋਲਣ ’ਤੇ ਬੋਲਣ ਵਾਲੇ ਦੇ ਇਲਾਕੇ ਬਾਰੇ ਸਹਿਜੇ ਹੀ ਪਤਾ ਲੱਗ ਜਾਂਦਾ ਹੈ। ‘ਬਠਿੰਡੇ ਵਾਲੇ ਰਫ਼ਲਾਂ ਰੱਖਣ ਦੇ ਸ਼ੌਕੀ’ ਵਾਲਾ ਗੀਤ ਇਸ ਦੀ ਉੱਤਮ ਮਿਸਾਲ ਆਖੀ ਜਾ ਸਕਦੀ ਹੈ। ਪੁਆਧੀ ਬੋਲਣ ਤੇ ਲਿਖਣ ਵਿਚ ਭਿੰਨ ਵੇਖੀ ਜਾ ਸਕਦੀ ਹੈ। ਵੱਖ-ਵੱਖ ਕਿੱਤਿਆਂ ਦੀਆਂ ਬੋਲੀਆਂ ਵੀ ਵਿਸ਼ੇਸ਼ ਅਰਥ ਗ੍ਰਹਿਣ ਕਰ ਜਾਂਦੀਆਂ ਹਨ। ਬੱਸ ਦੇ ਕੰਡਕਟਰ ਦੁਆਰਾ ਸੀਟੀ ਮਾਰਨੀ ਆਮ ਬੰਦੇ ਦੀ ਸੀਟੀ ਮਾਰਨ ਨਾਲੋਂ ਵੱਖਰੇ ਅਰਥਾਂ ਵਾਲੀ ਹੁੰਦੀ ਹੈ। ਖੇਤ ਵਿਚ ਕੰਮ ਕਿਸਾਨੀ ਦਾ ਕੰਮ ਕਰਨ ਵਾਲਿਆਂ ਨੇ ਲੋੜ ਅਨੁਸਾਰ ਆਪਣੇ ਸ਼ਬਦ ਬਣਾ ਲਏ ਹਨ। ਬਾਸਮਤੀ/ਬਾਸਪਤੀ, ਮੈਗਨੀਜ਼/ਮੈਗਜ਼ੀਨ ਵਰਗੇ ਸ਼ਬਦ ਆਮ ਬੋਲੇ ਜਾਂਦੇ ਹਨ। ਡਾਕਟਰੀ ਕਿੱਤੇ ਵਿਚ ਵੀ ਵੱਖਰੇ ਬੋਲ ਸੁਣੇ ਜਾ ਸਕਦੇ ਹਨ। ਪੰਜਾਬੀ ਵਿਚ ਲੋੜ ਅਨੁਸਾਰ ਸ਼ਬਦਾਂ ਨੂੰ ਆਪਣੇ ਅਨੁਸਾਰ ਤਬਦੀਲ ਕਰ ਲਿਆ ਹੈ। ਪੁਲਿਸ ਦੇ ਆਪਣੇ ਅਰਥਾਂ ਵਾਲੇ ਸ਼ਬਦ ਹਨ। ਸਾਈਕਲ/ਸੈਕਲ, ਪੰਕਚਰ/ਪੈਂਚਰ, ਸਟੇਸ਼ਨ/ਟੇਸ਼ਣ ਵਰਗੇ ਸ਼ਬਦ ਬੋਲਣ ਵਾਲਿਆਂ ਦੀ ਵਧੀਆ ਘਾੜਤ ਆਖੀ ਜਾ ਸਕਦੀ ਹੈ।

**ਸਮੇਂ ਨੇ ਬਦਲੀ ਤੋਰ:**

ਕੁਝ ਸ਼ਬਦ ਮਰਦਾਂ ਤੇ ਔਰਤਾਂ ਵਾਸਤੇ ਭਿੰਨ ਅਰਥਾਂ ਵਾਲੇ ਹੁੰਦੇ ਹਨ। ਪੰਜਾਬੀ ਵਿਚ ਮਰਦਾਂ ਵਾਸਤੇ ਯਾਰ, ਯਾਰੀ ਦੇ ਅਰਥ ਸਤਿਕਾਰਤ ਹੁੰਦੇ ਹਨ, ਜਦੋਂਕਿ ਔਰਤ ਲਈ ਇਹ ਸਤਿਕਾਰ ਵਜੋਂ ਨਹੀਂ ਜਾਣੇ ਜਾਂਦੇ ਸਨ। ਅੱਜ-ਕੱਲ੍ਹ ਲੜਕੀਆਂ/ਔਰਤਾਂ ਆਮ ਬੋਲਚਾਲ ’ਚ ਇਸ ਸ਼ਬਦ ਦੀ ਵਰਤੋਂ ਕਰਦੀਆਂ ਆਮ ਹੀ ਵੇਖੀਆਂ ਜਾ ਸਕਦੀਆਂ ਹਨ। ਦੋ ਲੜਕਿਆਂ, ਮਰਦਾਂ ਦੀ ਯਾਰੀ ਤੂਤ ਦੇ ਮੋਛੇ ਵਰਗੀ ਹੁੰਦੀ ਹੈ। ਉਹ ਇਕ-ਦੂਸਰੇ ਤੋਂ ਜਾਨ ਨਿਛਾਵਰ ਕਰਨ ਤਕ ਜਾਂਦੇ ਹੁੰਦੇ ਹਨ। ਪੰਜਾਬੀ ’ਚ ਲੋਕ ਭਾਖਾ ਹੈ ਕਿ ਜੇ ਦੋ ਭਰਾਵਾਂ ਵਿਚ ਯਾਰਾਂ ਵਰਗਾ ਰਿਸ਼ਤਾ ਹੋਵੇ ਜਾਂ ਇਸ ਦੇ ਵਿਪਰੀਤ ਦੋ ਯਾਰਾਂ ਵਿਚ ਭਰਾਵਾਂ ਵਰਗਾ ਰਿਸ਼ਤਾ ਹੋਵੇ ਤਾਂ ਅਖ਼ੀਰਲੇ ਦਮ ਤਕ ਨਿਭਣ ਵਾਲਾ ਰਿਸ਼ਤਾ ਸਾਬਿਤ ਹੁੰਦਾ ਹੈ। ਦੂਸਰੇ ਪਾਸੇ ਕਿਸੇ ਔਰਤ ਦੀ ਮਰਦ ਨਾਲ ਯਾਰੀ ਨੂੰ ਪੰਜਾਬੀ ਸਮਾਜ ’ਚ ਆਦਰ ਵਾਲੇ ਭਾਵਾਂ ਵਿਚ ਨਹੀਂ ਲਿਆ ਜਾਂਦਾ ਸੀ। ਸਮੇਂ ਦੀ ਤੋਰ ਨਾਲ ਤੇ ਭਾਸ਼ਾਵਾਂ ਦੇ ਇਕ-ਦੂਸਰੇ ਦੇ ਨੇੜੇ ਹੋਣ ਨਾਲ ਹੁਣ ਮਰਦ ਅਤੇ ਔਰਤ ਇਕ-ਦੂਸਰੇ ਨੂੰ ਇਸ ਸ਼ਬਦ ਨਾਲ ਸੰਬੋਧਨ ਕਰਦੇ ਆਮ ਵੇਖੇ ਜਾ ਸਕਦੇ ਹਨ। ਕਦੇ ਮਰਦ ਅਤੇ ਔਰਤ ਦੀ ਦੋਸਤੀ ਨੂੰ ਸਹਿਜ ਨਾਲ ਨਹੀਂ ਲਿਆ ਜਾਂਦਾ ਸੀ। ਹੁਣ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਫਰੈਂਡ, ਫਰੈਂਡਸ਼ਿਪ ਪ੍ਰਚੱਲਿਤ ਹੋ ਗਏ ਹਨ।

**ਪਵਿੱਤਰਤਾ ਬਰਕਰਾਰ ਰੱਖੇ ਜਾਣ ਦੀਆਂ ਭਾਵਨਾਵਾਂ:**

ਖੇਡਾਂ ਵਿਚ ਆਮ ਤੌਰ ’ਤੇ ਇਕ ਪਿੰਡ, ਸ਼ਹਿਰ, ਬਲਾਕ, ਜ਼ਿਲ੍ਹੇ, ਰਾਜ ਅਤੇ ਦੇਸ਼ ਦੇ ਮੁਕਾਬਲੇ ਹੁੰਦੇ ਸਨ। ਹੁਣ ਕੁਝ ਹੋਰ ਮੁਕਾਬਲਿਆਂ ਵਿਚ ਖਿਡਾਰੀਆਂ ਨੂੰ ਖ਼ਰੀਦਿਆ ਜਾਂਦਾ ਹੈ ਤੇ ਰਲਵੀਆਂ-ਮਿਲਵੀਆਂ ਟੀਮਾਂ ਹੋਂਦ ਵਿਚ ਆਉਂਦੀਆਂ ਹਨ। ਇਸ ਵਿਚ ਖਿਡਾਰੀਆਂ ਦੀ ਨਿਲਾਮੀ ਹੁੰਦੀ ਹੈ। ਹੁਣ ਖ਼ਰੀਦਣਾ, ਨਿਲਾਮ ਹੋਣਾ ਪੰਜਾਬੀ ਵਿਚ ਸਹਿਜ ਅਰਥਾਂ ਵਾਲੇ ਸ਼ਬਦ ਨਹੀਂ ਮੰਨੇ ਜਾਂਦੇ। ਬੇਜਾਨ ਵਸਤੂਆਂ ਨੂੰ ਖ਼ਰੀਦਿਆ ਜਾਂਦਾ ਹੈ, ਮੰਡੀਆਂ ਵਿਚ ਪਸ਼ੂਆਂ ਨੂੰ ਵੇਚਿਆ-ਖ਼ਰੀਦਿਆ ਜਾਂਦਾ ਹੈ। ਇਸੇ ਤਰ੍ਹਾਂ ਬੇਕਾਰ ਵਸਤੂਆਂ ਦੀ ਨਿਲਾਮੀ ਹੁੰਦੀ ਹੈ। ਜਦੋਂ ਕ੍ਰਿਕਟ ਖਿਡਾਰੀਆਂ ਦੀ ਖ਼ਰੀਦ/ਵਿਕਰੀ ਜਾਂ ਨਿਲਾਮੀ ਹੋਣ ਦੀ ਖ਼ਬਰ ਪੜ੍ਹੀ ਸੀ ਤਾਂ ਥੋੜ੍ਹਾ ਅਟਪਟਾ ਜਿਹਾ ਲੱਗਿਆ ਸੀ। ਹੁਣ ਤਾਂ ਇਸੇ ਤਰ੍ਹਾਂ ਕ੍ਰਿਕਟ ਖੇਡਣ ਵਾਲੀਆਂ ਲੜਕੀਆਂ ਦੀ ਖ਼ਰੀਦ ਅਤੇ ਨਿਲਾਮੀ ਹੋਣ ਦੀ ਖ਼ਬਰ ਵੀ ਪੜ੍ਹਨ ਨੂੰ ਮਿਲੀ ਹੈ। ਸਾਡੇ ਸਮਾਜ ਵਿਚ ਲੜਕੀ/ਔਰਤ ਨਾਲ ਭਾਵੇਂ ਆਮ ਵਿਹਾਰ ਚੰਗਾ ਨਾ ਕੀਤੇ ਜਾਣ ਦੀਆਂ ਗੱਲਾਂ ਵੀ ਚੱਲਦੀਆਂ ਰਹਿੰਦੀਆਂ ਹਨ ਪ੍ਰੰਤੂ ਸਧਾਰਨਤਾ ਵਿਚ ਲੜਕੀਆਂ ਜਾਂ ਔਰਤਾਂ ਵਾਸਤੇ ਪਵਿੱਤਰਤਾ ਬਰਕਰਾਰ ਰੱਖੇ ਜਾਣ ਦੀਆਂ ਭਾਵਨਾਵਾਂ ਸਾਡੇ ਮਨਾਂ ਵਿਚ ਹੁੰਦੀਆਂ ਹਨ। ਔਰਤ ਨੂੰ ਦੇਵੀ ਦੇ ਤੌਰ ’ਤੇ ਪੂਜਿਆ ਜਾਂਦਾ ਹੈ। ਛੋਟੀਆਂ ਲੜਕੀਆਂ ਨੂੰ ਕੰਜਕਾਂ ਵਜੋਂ ਪੂਜਦਿਆਂ ਉਨ੍ਹਾਂ ਦੇ ਪੈਰ ਵੀ ਛੂਹੇ ਜਾਂਦੇ ਹਨ। ਪਿੱਛੇ ਜਿਹੇ ਜਦੋਂ ਕ੍ਰਿਕਟ ਖੇਡਣ ਵਾਲੀਆਂ ਲੜਕੀਆਂ ਦੀ ਨਿਲਾਮੀ ਹੋਣ ਦੀ ਖ਼ਬਰ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋਈ ਸੀ ਤਾਂ ਇਸ ਨਿਲਾਮੀ ਸ਼ਬਦ ’ਤੇ ਇਤਰਾਜ਼ ਕਰਨ ਨੂੰ ਚਿੱਤ ਕਰਦਾ ਸੀ।

**ਇਕ ਚੁੱਪ ਸੌ ਸੁੱਖ:**

ਭਾਸ਼ਾ ਬਹੁਤ ਹੀ ਗਹਿਰੇ ਅਰਥਾਂ ਜਾਂ ਕਹੀਏ ਭਾਵ-ਅਰਥਾਂ ਵਾਲੀ ਹੁੰਦੀ ਹੈ। ਇਸ ਕਰਕੇ ਇਸ ਨੂੰ ਏਨਾ ਸਹਿਜ ਨਹੀਂ ਲੈਣਾ ਚਾਹੀਦਾ। ਬੋਲਣ ਤੋਂ ਪਹਿਲਾਂ ਇਸ ਦੇ ਬੋਲਾਂ ਨੂੰ ਆਪ ਹੀ ਜਾਣ ਲੈਣਾ ਬੇਹੱਦ ਜ਼ਰੂਰੀ ਹੁੰਦਾ ਹੈ। ਬੋਲਾਂ ਨੂੰ ਕੁਬੋਲ ਬਣਨ ਤੋਂ ਬਚਾਉਣਾ ਸਿਆਣਪ ਦੀ ਨਿਸ਼ਾਨੀ ਹੈ। ਇਕ ਚੁੱਪ ਸੌ ਸੁੱਖ ਇਸੇ ਕਰਕੇ ਹੀ ਤਾਂ ਆਖਿਆ ਜਾਂਦਾ ਹੈ।

**- ਗੁਰਦੀਪ ਸਿੰਘ ਢੁੱਡੀ**


STAR AUTOBODY

ICBC c.a.r. shop VALET
Accredited Collision Repairs & Valet Service

ICBC Glass EXPRESS



SPECIALIZE
- All vehicles any make or model
- Commercial Trucks, any make or model

CERTIFIED
- ICBC CARSHOP Valet Express Shop with certified technicians and equipment
- ICBC Glass Express
- Private Insurance Companies

SERVICE
Open Monday-Saturday - 8 am to 6 pm
- Courtesy Cars
- Vehicle pick-up and drop-off

*We handle private insurance claims:*
family insurance | intact insurance | canadian direct insurance | economical insurance | CNS | RSA

604-597-5151
8277-124th St., Surrey, BC V3W 9G2
Ph: 604-597-5151 / Fax: 604-597-5195
www.startautobody.net

# ਕੈਮਰੂਨ ਗ੍ਰੀਨ ਬਣੇ ਇਤਿਹਾਸ ਦੇ ਸਭ ਤੋਂ ਮਹਿੰਗੇ ਵਿਦੇਸ਼ੀ ਖਿਡਾਰੀ



**ਅਬੂ ਧਾਬੀ**: ਆਸਟ੍ਰੇਲੀਆ ਦੇ ਹਰਫ਼ਨਮੌਲਾ ਕੈਮਰੂਨ ਗ੍ਰੀਨ ਆਈ. ਪੀ. ਐਲ. ਇਤਿਹਾਸ ਦੇ ਸਭ ਤੋਂ ਮਹਿੰਗੇ ਵਿਦੇਸ਼ੀ ਖਿਡਾਰੀ ਬਣ ਗਏ ਹਨ ਤੇ ਮੰਗਲਵਾਰ ਨੂੰ ਅਬੂ ਧਾਬੀ 'ਚ ਹੋਈ ਮਿੰਨੀ-ਨੀਲਾਮੀ 'ਚ ਉਸ ਨੂੰ ਕੋਲਕਾਤਾ ਨਾਈਟ ਰਾਈਡਰਜ਼ ਨੇ 25.20 ਕਰੋੜ 'ਚ ਖਰੀਦਿਆ। ਗ੍ਰੀਨ ਨੇ ਆਪਣੇ ਹਮਵਤਨ ਮਿਸ਼ੇਲ ਸਟਾਰਕ ਦੇ ਰਿਕਾਰਡ ਨੂੰ ਤੋੜਿਆ, ਜਿਸਨੂੰ 2024 'ਚ ਕੇ.ਕੇ.ਆਰ. ਨੇ 24.75 ਕਰੋੜ 'ਚ ਖਰੀਦਿਆ ਸੀ। ਇਸ ਦੇ ਨਾਲ ਹੀ ਰਿਸ਼ਭ ਪੰਤ ਪਿਛਲੇ ਸਾਲ ਦੀ 27 ਕਰੋੜ ਦੀ ਨਿਲਾਮੀ ਨਾਲ ਆਈ.ਪੀ.ਐਲ. ਇਤਿਹਾਸ 'ਚ ਸਭ ਤੋਂ ਮਹਿੰਗੇ ਖਿਡਾਰੀ ਬਣੇ ਹੋਏ ਹਨ ਤੇ ਅੱਜ ਹੋਈ ਨਿਲਾਮੀ 'ਚ 20

ਕਾਰਤਿਕ ਸ਼ਰਮਾ ਨੂੰ ਬਰਾਬਰ 14.20 ਕਰੋੜ 'ਚ ਖਰੀਦਿਆ

ਨੂੰ 30 ਲੱਖ ਦੇ ਆਪਣੇ ਮੂਲ ਮੁੱਲ ਤੋਂ 47 ਗੁਣਾ 'ਚ ਖਰੀਦਿਆ।

ਪ੍ਰਸ਼ਾਂਤ ਉੱਤਰ ਪ੍ਰਦੇਸ਼ ਤੋਂ ਹੈ, ਜਦੋਂ ਕਿ ਕਾਰਤਿਕ ਰਾਜਸਥਾਨ ਤੋਂ ਹੈ ਤੇ ਇਸ ਤੋਂ ਇਲਾਵਾ, ਜੰਮੂ ਅਤੇ ਕਸ਼ਮੀਰ ਦੇ ਆਕਿਬ ਨਬੀ ਡਾਰ ਨੂੰ ਦਿੱਲੀ ਕੈਪੀਟਲਜ਼ ਨੇ 8.40 ਕਰੋੜ 'ਚ ਖਰੀਦਿਆ ਤੇ ਤੇਜ਼ ਗੇਂਦਬਾਜ਼ੀ 'ਚ, ਕੋਲਕਾਤਾ ਨੇ ਸ਼੍ਰੀਲੰਕਾ ਦੇ ਤੇਜ਼ ਗੇਂਦਬਾਜ਼ ਮਥੀਸ਼ਾ ਪਥੀਰਾਣਾ (18 ਕਰੋੜ) ਅਤੇ ਬੰਗਲਾਦੇਸ਼ ਦੇ ਮੁਸਤਫਿਜ਼ੁਰ ਰਹਿਮਾਨ (9.20 ਕਰੋੜ) ਨੂੰ ਸ਼ਾਮਲ ਕੀਤਾ। ਨਿਊਜ਼ੀਲੈਂਡ ਦੇ ਜੈਕਬ ਡਫੀ ਨੂੰ ਆਰ.ਸੀ.ਬੀ. ਨੇ ਤੇ ਐਨਰਿਚ ਨ੍ਰਾਰਟਜਈ ਨੂੰ ਐਲ.ਐਸ.ਜੀ. ਨੇ 2-2 ਕਰੋੜ 'ਚ ਖਰੀਦਿਆ ਤੇ ਸਪਿਨਰ ਰਵੀ ਬਿਸ਼ਨੋਈ ਨੂੰ ਆਰ.ਆਰ. ਨੇ 7.20 ਕਰੋੜ 'ਚ ਖਰੀਦਿਆ ਤੇ ਵੈਂਕਟੇਸ਼ ਅਈਅਰ ਨੂੰ ਇਸ ਵਾਰ ਆਰ.ਸੀ.ਬੀ. ਨੇ ਸਿਰਫ਼ 7 ਕਰੋੜ 'ਚ ਖਰੀਦਿਆ। ਉਸਨੂੰ 2024 ਦੀ ਮੈਗਾ ਨਿਲਾਮੀ 'ਚ ਕੇ.ਕੇ.ਆਰ. ਨੇ 23.75 ਕਰੋੜ 'ਚ ਖਰੀਦਿਆ ਸੀ।

ਗ੍ਰੀਨ ਨੂੰ ਮਿਲਣਗੇ 18 ਕਰੋੜ

ਹਾਲਾਂਕਿ ਕੋਲਕਾਤਾ ਨਾਈਟ ਰਾਈਡਰਜ਼ ਨੇ ਕੈਮਰਨ ਗ੍ਰੀਨ ਨੂੰ 25.20 ਕਰੋੜ 'ਚ ਖਰੀਦਿਆ ਪਰ ਗ੍ਰੀਨ ਨੂੰ ਸਿਰਫ਼ 18 ਕਰੋੜ ਰੁਪਏ ਹੀ ਮਿਲਣਗੇ। 7.2 ਕਰੋੜ ਬੀ.ਸੀ.ਸੀ.ਆਈ. ਦੇ ਭਲਾਈ ਫੰਡ 'ਚ ਜਮ੍ਹਾਂ ਕੀਤੇ ਜਾਣਗੇ।

ਪਿਛਲੇ ਸਾਲ ਬੀ.ਸੀ.ਸੀ.ਆਈ. ਨੇ ਵਿਦੇਸ਼ੀ ਖਿਡਾਰੀਆਂ ਲਈ ਮਿੰਨੀ-ਨਿਲਾਮੀ 'ਚ 18 ਕਰੋੜ ਦੀ ਉਪਰਲੀ ਸੀਮਾ ਨਿਰਧਾਰਤ ਕੀਤੀ ਸੀ, ਤਾਂ ਜੋ ਉਨ੍ਹਾਂ ਨੂੰ ਉੱਚ ਮੰਗ ਦਾ ਅਣਉੱਚਿਤ ਫਾਇਦਾ ਉਠਾਉਣ ਤੋਂ ਰੋਕਿਆ ਜਾ ਸਕੇ।

# 'ਕੁੜੀ ਦਾ ਸ਼ਗਨ ਲੈਕੇ ਜਾ ਰਹੇ ਪਰਿਵਾਰ' ਲਈ ਧੁੰਦ ਬਣੀ ਕਾਲ



ਬਰਨਾਲਾ ਜ਼ਿਲ੍ਹੇ ਦੇ ਪੁਲਿਸ ਚੌਕੀ ਪੱਖੋ ਕੰਚੀਆਂ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਪਿੰਡ ਮੱਲੀਆਂ ਨੇੜੇ ਟੋਲ ਪਲਾਜ਼ਾ 'ਤੇ, ਕੁੜੀ ਦਾ ਸ਼ਗਨ ਕਰਨ ਜਾ ਰਹੇ ਇੱਕ ਪਰਿਵਾਰ ਦੀ ਕਾਰ ਪਲਾਜ਼ਾ ਦੀ ਲਾਈਨ ਵਾਲ ਨਾਲ ਟਕਰਾ ਗਈ ਅਤੇ ਇਸ ਦਰਦਨਾਕ ਹਾਦਸੇ ਵਿੱਚ, ਲੜਕੀ ਦੇ ਭਰਾ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਲੜਕੀ ਸਮੇਤ 5 ਲੋਕ ਜ਼ਖਮੀ ਹੋ ਗਏ।

ਹਾਦਸੇ ਤੋਂ ਬਾਅਦ ਜ਼ਖਮੀਆਂ ਨੂੰ ਬਰਨਾਲਾ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਮ੍ਰਿਤਕਾਂ ਵਿੱਚੋਂ ਇੱਕ ਬੀਐਸਐਫ ਦਾ ਜਵਾਨ ਸੀ, ਜਦੋਂ ਕਿ ਸ਼ਗਨ ਲੈ ਕੇ ਜਾ ਰਹੀ ਕੁੜੀ ਦੀ ਵੀ ਲੱਤ ਟੁੱਟ ਗਈ।

ਸਵਿਫਟ ਡਿਜ਼ਾਇਰ ਕਾਰ ਵਿੱਚ ਸਫ਼ਰ ਕਰ ਰਹੇ 18 ਸਾਲਾ ਲੜਕੀ ਅਤੇ ਉਸਦੇ ਚਾਚੇ ਦੇ ਪੁੱਤਰ ਦੀ ਵੀ ਹਾਦਸੇ ਵਿੱਚ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਸੁਨੀਲ ਮਸੀਹ (31), ਅਰਸ਼ਦੀਪ ਮਸੀਹ (21) ਅਤੇ ਅਨੂ (18) ਵਜੋਂ ਹੋਈ ਹੈ।

ਇਹ ਹਾਦਸਾ ਬਰਨਾਲਾ-ਮੋਗਾ ਹਾਈਵੇਅ 'ਤੇ ਮੱਲੀਆਂ ਟੋਲ ਪਲਾਜ਼ਾ 'ਤੇ ਵਾਪਰਿਆ। ਪੀੜਤਾਂ ਦੀ ਗੱਡੀ ਟੋਲ ਪਲਾਜ਼ਾ ਡਿਵਾਈਡਰ ਨਾਲ ਟਕਰਾ ਗਈ। ਤਰਨਤਾਰਨ ਦਾ ਰਹਿਣ ਵਾਲਾ ਇਹ ਪਰਿਵਾਰ ਆਪਣੀ ਧੀ ਦੇ ਸ਼ਗਨ ਸਮਾਰੋਹ ਲਈ ਸਿਰਸਾ ਜਾ ਰਿਹਾ ਸੀ।

ਇਸ ਮੌਕੇ ਮ੍ਰਿਤਕ ਸਿਪਾਹੀ ਦੇ ਪਿਤਾ ਇਮਾਨਤ ਮਸੀਹ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਅਤੇ ਭਤੀਜਾ, ਪਰਿਵਾਰ ਦੇ ਪੰਜ ਹੋਰ ਮੈਂਬਰਾਂ ਸਮੇਤ, ਆਪਣੀ ਭੈਣ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਆਪਣੀ ਕਾਰ ਵਿੱਚ ਤਰਨਤਾਰਨ ਤੋਂ ਸਿਰਸਾ ਜਾ ਰਹੇ ਸਨ। ਧੁੰਦ ਕਾਰਨ ਇਹ ਸੜਕ ਹਾਦਸਾ ਹੋਇਆ। ਉਨ੍ਹਾਂ ਦਾ ਪੁੱਤਰ ਫੌਜ ਵਿੱਚ ਕੰਮ ਕਰਦਾ ਸੀ। ਉਹ ਆਪਣੀ ਭੈਣ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਛੁੱਟੀ ਲੈ ਕੇ ਗਿਆ ਸੀ। ਅੱਜ ਇਸ ਸੜਕ ਹਾਦਸੇ ਵਿੱਚ ਉਨ੍ਹਾਂ ਦੇ ਪੁੱਤਰ ਅਤੇ ਭਤੀਜੇ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ।




WALKER HOUSE



NOW SELLING

NORTH DELTA'S FLAGSHIP
HIGH-RISE COMMUNITY

